ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥
ਸਪਤਾਹਿਕ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥
www.sribhainisahib.com ਜਿਲਦ-24 ਨੰਬਰ-19
24 ਤੋਂ 30 ਹਾੜ੍ਹ 2073 - 7 to 13 July 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਨਿਰਮਲ ਵਿਚਾਰ



ਇਹ ਹੁਕਮਨਾਮੇਂ ਤਾਂ ਮਹਾਂਸਾਗਰ ਹੈ। ਕਿਸੇ ਵੀ ਥਾਂ ਤੋਂ ਚੁਲੀ ਭਰ ਲਉ (ਪੜ੍ਹ ਲਉ) ਤੁਹਾਡੇ ਹੱਥ ਵਿੱਚ ਸਾਫ਼-ਸ਼ਫਾਫ ਪਾਣੀ (ਨਿਰਮਲ ਵਿਚਾਰ, ਨਿਰਮਲ ਭਾਵ) ਹੀ ਆਉਣਗੇ।

# ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦਾ 51ਵਾਂ ਵਾਰਸ਼ਿਕ ਸੰਮੇਲਨ ਸੰਪੰਨ

**ਸ੍ਰੀ ਭੈਣੀ ਸਾਹਿਬ, 24 ਜੂਨ:** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉਪਦੇਸ਼ ਕਰਿਆ ਕਰਦੇ ਸੀ ਕਿ ਕਿਸੇ ਵੀ ਦੇਸ ਕੌਮ ਸਮਾਜ ਧਰਮ ਦੀ ਜ਼ਿੰਮੇਵਾਰੀ ਦਾ ਭਾਰ ਨੌਜਵਾਨਾਂ ਦੇ ਮੋਢਿਆ ਤੇ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਵਿਦਿਅਕ ਜਥਾ ਆਰੰਭ ਕਰ ਕੇ ਜਿਥੇ ਨੌਜਵਾਨਾਂ ਨੂੰ ਗੁਰਸਿਖੀ ਰਹਿਤ ਵਿੱਚ ਪੱਰਪਕ ਰਹਿ ਕੇ ਸਮਾਜ ਨਾਲ ਬਰਾਬਰੀ ਦਾ ਪਲੈਟਫਾਰਮ ਦਿੱਤਾ ਉਥੇ ਹੀ ਨੌਜਵਾਨਾਂ ਨੂੰ ਸਮਾਜ ਵਿਚ ਜਿੰਮੇਦਾਰੀ ਵੀ ਸੌਂਪੀ। ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਅੱਜ ਦੇ ਭਿਆਨਕ ਕਲਜੁਗ ਦੇ ਸਮੇਂ ਚ ਨਾਮਧਾਰੀ ਨੌਜਵਾਨਾਂ ਨੂੰ ਆਪਣੀ ਬੁਕਲ ਚ ਲੈ ਕੇ, ਬਾਕੀ ਸਮਾਜ ਵਿੱਚ ਵੱਧ ਰਹੀ ਨਸ਼ਾਂਖੋਰੀ ਅਤੇ ਕੇਸਾਂ ਤੋਂ ਪੱਤਤ ਹੋ ਰਹੀ ਪ੍ਰਥਾ ਤੋਂ ਬਚਾ ਕੇ ਰਖਿਆ ਹੈ। ਇਸੇ ਲੜੀ ਵਿੱਚ ਹਾਜ਼ਰਾ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਚ ਸੰਪੰਨ ਹੋਇਆ 2016 ਦਾ ਵਾਰਸ਼ਿਕ ਸੰਮੇਲਨ ਨਵੇਂ ਆਯਾਮ ਲੈ ਕੇ ਸੰਪੰਨ ਹੋਇਆ। (ਬਾਕੀ ਸਫ਼ਾ 2 'ਤੇ)



ਸ੍ਰੀ ਸਤਿਗੁਰੂ ਜੀ ਨੂੰ 51ਵੇਂ ਵਾਰਸ਼ਿਕ ਸੰਮੇਲਨ ਦੇ ਉਦਘਾਟਨ ਸਮੇਂ ਮੋਮੈਂਟੋ ਭੇਟ ਕਰਦੇ ਸੰਤ ਗੁਰਮੁਖ ਸਿੰਘ ਰਹਿਬਰ ਅਤੇ ਵਿਦਿਅਕ ਜਥੇ ਦੇ ਸਮੂਹ ਸਕੱਤਰ ਸਾਹਿਬਾਨ।



ਸਰਵੋਤਮ ਜਥਾ - ਸ੍ਰੀ ਭੈਣੀ ਸਾਹਿਬ



ਸਰਵੋਤਮ ਜੋਨ - ਲੁਧਿਆਣੇ ਦਾ ਜਥਾ



ਅਨੁਸ਼ਾਸਿਤ ਜਥਾ - ਯਮੁਨਾ ਨਗਰ



ਸਰਵੋਤਮ ਮੈਂਬਰ ਪੁਰਸਕਾਰ ਪ੍ਰਾਪਤ ਕਰਦਾ ਕਾਕਾ ਗੁਰਤੇਜ ਸਿੰਘ ਜਾਲਖੇੜੀ

# ਸ੍ਰੀ ਸਤਿਗੁਰੂ ਜੀ ਪਾਸੋ ਸਨਮਾਨਿਤ ਸੰਮੇਲਨ ਵਿੱਚ ਪ੍ਰਥਮ ਸਥਾਨ ਪ੍ਰਾਪਤ ਕਰਨ ਵਾਲੇ ਬੱਚੇ



ਚਿੱਤਰ ਪ੍ਰਤਿਯੋਗਿਤਾ
ਸਿਆਮ ਸਿੰਘ, ਲੁਧਿਆਣਾ



ਅਰਦਾਸ 12 ਪਾਤਸ਼ਾਹੀ
ਬਲਵੀਰ ਪਾਲ ਸਿੰਘ, ਸ੍ਰੀ ਭੈਣੀ ਸਾਹਿਬ



ਦੌੜ 50 ਮੀਟਰ
ਜੱਸਾ ਸਿੰਘ, ਸ੍ਰੀ ਭੈਣੀ ਸਾਹਿਬ



ਚਿੱਤਰ ਪ੍ਰਤਿਯੋਗਿਤਾ
ਗਿਆਨ ਸਿੰਘ, ਮੋਹਾਲੀ



ਨਾਮ ਸਿਮਰਨ
ਕਰਮ ਸਿੰਘ, ਸ੍ਰੀ ਭੈਣੀ ਸਾਹਿਬ



ਪ੍ਰਸ਼ਾਦਾ ਛੱਕਣ ਉਪਰੰਤ ਅਰਦਾਸ
ਜਗਤਾਰ ਸਿੰਘ, ਲੁਧਿਆਣਾ



ਤਿੰਨ ਟੰਗੀ ਦੌੜ
ਕਰਮ ਸਿੰਘ, ਸ੍ਰੀ ਭੈਣੀ ਸਾਹਿਬ



ਲਿਖਤੀ ਇਤਿਹਾਸਕ ਪ੍ਰਤਿਯੋਗਿਤਾ
ਜਸਵੰਤ ਸਿੰਘ, ਐਸ.ਪੀ.ਐਸ.ਇੰਟਰਨੈਸ਼ਨਲ ਸਕੂਲ



ਭਾਸ਼ਣ ਪ੍ਰਤਿਯੋਗਿਤਾ
ਬਿਹਾਰਾ ਸਿੰਘ, ਯਮੁਨਾ ਨਗਰ



ਦਸਤਾਰ ਪ੍ਰਤਿਯੋਗਿਤਾ
ਗੁਰਨੇਕ ਸਿੰਘ, ਬਜੀਦਪੁਰ



ਗੁਰਬਾਣੀ ਕੰਠ -ਜਸਵੰਤ ਸਿੰਘ
ਐਸ.ਜੀ.ਐਚ.ਐਸ ਵਿਦਿਆਲਯ



ਨਾਮ ਸਿਮਰਨ
ਰਤਨ ਸਿੰਘ, ਸ੍ਰੀ ਭੈਣੀ ਸਾਹਿਬ




**ਸ੍ਰੀ ਸਤਿਗੁਰੂ ਜੀ ਸੰਮੇਲਨ ਦੌਰਾਨ ਆਪਣੇ ਮੁਖਾਰਬਿੰਦ ਤੋਂ ਲੋਕਾਈ ਦੇ ਭਲੇ ਵਾਸਤੇ ਉਪਦੇਸ ਦੇਣ ਦੀ ਕਿਰਪਾ ਕਰਦੇ ਹੋਏ।**

# ਨੌਜਵਾਨਾਂ ਦਾ 51ਵਾਂ ਵਾਰਸ਼ਿਕ ਸੰਮੇਲਨ ਸੰਪੰਨ...(ਬਾਕੀ ਸਫਾ 1 ਦੀ)

**ਆਸਾ ਦੀ ਵਾਰ ਦਾ ਕੀਰਤਨ–**

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ ਗਿਆ। ਵਾਰ ਵਿਚ ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦੇ ਕੇ ਨਿਹਾਲ ਕੀਤਾ। ਇਹ ਸਾਰਾ ਪ੍ਰੋਗਰਾਮ ਪ੍ਰਤਾਪ ਮੰਦਰ ਵਿਚ ਕੀਤਾ ਗਿਆ। ਵੱਖ ਵੱਖ ਸਥਾਨਾਂ ਤੋਂ ਆਏ ਸਿਖਿਆਰਥੀ ਆਸਣ ਵਿਛਾ ਕੇ ਆਪੋ ਆਪਣੀਆਂ ਕਤਾਰਾਂ ਵਿਚ ਬੈਠ ਨਾਮ ਦਾ ਜਾਪ ਕਰ ਰਹੇ ਸਨ ਤੇ ਕੰਨਾਂ ਦੇ ਨਾਲ ਗੁਰਬਾਣੀ ਦਾ ਕੀਰਤਨ ਸਰਵਨ ਕਰ ਰਹੇ ਸਨ। ਚੰਡੀ ਦੀ ਵਾਰ ਦਾ ਪਾਠ ਕੀਤਾ ਗਿਆ। ਠੀਕ 6 ਵਜੇ ਆਸਾ ਦੀ ਵਾਰ ਦਾ ਕੀਰਤਨ ਸਮਾਪਤ ਹੋਇਆ।

**ਵਾਰਿਸ਼ਕ ਸੰਮੇਲਨ ਦਾ ਉਦਘਾਟਨੀ ਸ਼ਬਦ :**

ਵਾਰਿਸ਼ਕ ਸੰਮੇਲਨ ਦੀ ਸ਼ੁਰੂਆਤ ਸ੍ਰੀ ਭੈਣੀ ਸਾਹਿਬ ਦੀਆਂ ਬੱਚੀਆਂ ਨੇ ਸ਼ਬਦ ਪੜ੍ਹ ਕੇ ਕੀਤੀ। ਸ਼ਬਦ ਸੀ– **ਮੋਕਉ ਤਾਰ ਲੈ ਰਾਮਾ..................**

ਸੁਖਵਿੰਦਰ ਸਿੰਘ ਲਾਇਲ ਨੇ ਅੱਜ ਦੇ ਵਾਰਿਸ਼ਕ ਸੰਮੇਲਨ ਬਾਰੇ ਚਾਨਣਾ ਪਾਇਆ। ਉਹਨਾਂ ਨੇ ਬੀਬੀ ਕੁਲਵੰਤ ਕੌਰ ਨੂੰ ਅੱਜ ਦੇ ਪ੍ਰੋਗਰਾਮ ਦੱਸਣ ਬਾਰੇ ਆਖਿਆ।

**ਸ੍ਰੀ ਸਤਿਗੁਰੂ ਜੀ ਨੂੰ ਬੈਚ ਤੇ ਮੋਮੈਂਟੋ ਭੇਟ :**

ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਇੰਚਾਰਜ ਫਾਰ ਯੂਥ ਸ. ਗੁਰਮੁਖ ਸਿੰਘ ਰਹਿਬਰ ਨੇ ਸ੍ਰੀ ਸਤਿਗੁਰੂ ਜੀ ਨੂੰ ਬੈਚ ਅਤੇ ਇਸਤਰੀ ਵਿਦਿਅਕ ਜਥੇ ਦੀ ਪ੍ਰਧਾਨ ਬੀਬੀ ਸੁਖਜੀਤ ਕੌਰ ਨੇ ਬੀਬੀ ਗੁਰਸ਼ਰਨ ਕੌਰ ਜੀ ਨੂੰ ਬੈਚ ਲਾਉਣ ਦੀ ਰਸਮ ਅਦਾ ਕੀਤੀ। ਸ. ਗੁਰਮੁਖ ਸਿੰਘ ਰਹਿਬਰ, ਸੰਤ ਹਰਪਾਲ ਸਿੰਘ, ਸੰਤ ਮੰਗਲਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਮੀਤ ਸਿੰਘ ਚਾਨਾ, ਸੁਖਵਿੰਦਰ ਸਿੰਘ ਲਾਇਲ ਤੇ ਗੁਰਦੇਵ ਸਿੰਘ ਚੀਮਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਇਕ ਮੋਮੈਂਟੋ ਭੇਟ ਕੀਤਾ। ਬੀਬੀ ਸੁਖਜੀਤ ਕੌਰ, ਬੀਬੀ ਕੁਲਵੰਤ ਕੌਰ, ਬੀਬੀ ਨਰਿੰਦਰ ਕੌਰ, ਬੀਬੀ ਅਮਰਜੀਤ ਕੌਰ ਨੇ ਬੀਬੀ ਗੁਰਸ਼ਰਨ ਕੌਰ ਜੀ ਨੂੰ ਮੋਮੈਂਟੋ ਭੇਟ ਕੀਤਾ।

**ਲੰਗਰ ਅਤੇ ਆਰਾਮ–**

ਇਸ ਤੋਂ ਬਾਅਦ ਆਏ ਹੋਏ ਸਾਰੇ ਹੀ ਸਿਖਿਆਰਥੀਆਂ ਵਾਸਤੇ ਲੰਗਰ ਤਿਆਰ ਸੀ। ਪ੍ਰਤਾਪ ਮੰਦਰ ਦੇ ਨਾਲ ਹੀ ਬਾਹਰਲੇ ਪਾਸੇ ਲੰਗਰ ਦਾ ਇੰਤਜਾਮ ਕੀਤਾ ਗਿਆ ਸੀ। ਜਿਥੇ ਹਰ ਰੋਜ਼ ਸਾਧ ਸੰਗਤ ਤਾਅਕੇ ਪ੍ਰਸ਼ਾਦਾ ਛਕਦੀ ਸੀ।

**ਲਿਖਤੀ ਇਤਿਹਾਸਕ ਪ੍ਰਤੀਯੋਗਤਾ–**

ਸਿਮਰਤੀ ਮੰਦਰ ਵਿਚ ਸ਼ਹੀਦ ਵਰਿਆਮ ਸਿੰਘ ਬੈਚ ਉਮਰ 13 ਤੋਂ 18 ਸਾਲ ਅਤੇ ਜਥੇਦਾਰ ਹੀਰਾ ਸਿੰਘ ਬੈਚ ਉਮਰ 18 ਤੋਂ ਉਪਰ ਤੱਕ ਲਿਖਤੀ ਇਤਿਹਾਸਕ ਪ੍ਰਤੀਯੋਗਤਾ ਕਰਵਾਈ ਗਈ। ਜਿਸ ਵਿਚ ਨੌਜਵਾਨਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਸਰਵ ਸੰਤ ਮੰਗਲਜੀਤ ਸਿੰਘ, ਗੁਰਦੇਵ ਸਿੰਘ ਚੀਮਾ, ਕੁਲਦੀਪ ਸਿੰਘ, ਗੁਰਦੇਵ ਸਿੰਘ ਤਰਨਤਾਰਨ ਨੇ ਉਪਰੋਕਤ ਲਿਖਤੀ ਪੇਪਰ ਆਪਣੀ ਨਿਗਰਾਨੀ ਵਿਚ ਕਰਵਾਏ। ਇਸ ਵਿਚ ਤਕਰੀਬਨ 200 ਦੇ ਕਰੀਬ ਡੈਲੀਗੇਟ ਨੇ ਭਾਗ ਲਿਆ।

**ਚਿੱਤਰਕਾਰੀ ਪ੍ਰਤੀਯੋਗਤਾ–**

ਇਸ ਵਿਚ 80 ਡੈਲੀਗੇਟ ਨੇ ਭਾਗ ਲਿਆ। ਸੰਤ ਕੁਲਦੀਪ ਸਿੰਘ ਨੇ ਇਹ ਪ੍ਰਤੀਯੋਗਤਾ ਕਰਵਾਈ।

**ਪ੍ਰਸ਼ਾਦਾ ਛਕਣ ਉਪਰੰਤ ਅਰਦਾਸ–**

ਇਸ ਵਿਚ 70 ਬੱਚਿਆਂ ਨੇ ਭਾਗ ਲਿਆ। ਸੰਤ ਗੁਰਪ੍ਰੀਤ ਸਿੰਘ ਨੇ ਇਨਾਂ ਬੱਚਿਆਂ ਦੀ ਅਰਦਾਸ ਸੁਣੀ।

**ਅਰਦਾਸ ਪਾਤਸ਼ਾਹੀ 12ਵੀਂ :**

ਇਸ ਵਿਚ ਕੁਲ 35 ਬੱਚਿਆਂ ਨੇ ਭਾਗ ਲਿਆ। ਬੱਚਿਆਂ ਦੀ ਅਰਦਾਸ ਬਹੁਤ ਸਰਲ ਸੀ। ਮੁਕਾਬਲਾ ਬਹੁਤ ਸਖਤ ਸੀ।

**ਗੁਰਬਾਣੀ ਕੰਠ ਪ੍ਰਤੀਯੋਗਤਾ :**

ਸ਼ਹੀਦ ਵਰਿਆਮ ਵਿਚ ਬੈਚ ਵਿਚ 25 ਬੱਚਿਆਂ ਤੇ ਜਥੇਦਾਰ ਹੀਰਾ ਸਿੰਘ ਬੈਚ ਵਿਚ 15 ਬੱਚਿਆਂ ਨੇ ਭਾਗ ਲਿਆ। ਸੰਤ ਬਚਿੱਤਰ ਸਿੰਘ, ਸੂਬਾ ਸੁਰਿੰਦਰ ਸਿੰਘ ਗੁਨਾ ਜੀ ਨੇ ਜੱਜਮੈਂਟ ਕੀਤੀ।

**ਭਾਸ਼ਣ ਪ੍ਰਤੀਯੋਗਤਾ :**

ਸੰਤ ਹਰਪਾਲ ਸਿੰਘ, ਸ. ਸਵਰਨ ਸਿੰਘ ਵਿਰਕ, ਸ. ਸਰਵਸ਼ਕਤੀਮਾਨ ਜੀ ਨੇ ਇਸ ਦੀ ਜੱਜਮੈਂਟ ਕੀਤੀ। ਇਸ ਵਿਚ ਕੁਲ 32 ਬੱਚਿਆਂ ਨੇ ਭਾਗ ਲਿਆ। ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ।

**ਨਾਮ ਸਿਮਰਨ–**

ਇਸ ਵਿਚ ਕੁਲ 145 ਬੱਚਿਆਂ ਨੇ ਭਾਗ ਲਿਆ। ਸੂਬਾ ਸੁਰਿੰਦਰ ਕੌਰ ਖਰਲ, ਸੰਤ ਗੁਰਦੇਵ ਸਿੰਘ ਚੀਮਾਂ ਨੇ ਇਹਨਾਂ ਦੀ ਜੱਜਮੈਂਟ ਕੀਤੀ। ਨਾਮ ਸਿਮਰਨ ਵਿਚ ਬੈਠੇ ਸਾਰੇ ਬੱਚਿਆਂ ਨੂੰ ਇਨਾਮ ਦਿੱਤੇ ਗਏ। ਪਰ ਪਹਿਲੇ ਸਥਾਨ ਤੇ ਕਰਮ ਸਿੰਘ ਪੁੱਤਰ ਸੰਤ ਸੁਰਜੀਤ ਸਿੰਘ ਸ੍ਰੀ ਭੈਣੀ ਸਾਹਿਬ ਤੇ ਗਿਆਨ ਸਿੰਘ ਪੁੱਤਰ ਸੰਤ ਗੁਰਮੁਖ ਸਿੰਘ ਮੋਹਾਲੀ ਸੀਨੀਅਰ ਪਹਿਲੇ ਸਥਾਨ ਤੇ ਰਹੇ। ਠੀਕ 3 ਵਜੇ ਅਰਦਾਸ ਦੇ ਨਾਲ ਹੀ ਰਾਗੀ ਸਿੰਘਾਂ ਨੇ ਕੀਰਤਨ ਗਾਇਨ ਕੀਤਾ।

**ਦਸਤਾਰ ਪ੍ਰਤੀਯੋਗਤਾ–**

ਸ਼ਹੀਦ ਵਰਿਆਮ ਸਿੰਘ ਬੈਚ ਵਿਚ ਕੁੱਲ 40 ਬੱਚੇ ਸਨ ਅਤੇ ਜਥੇਦਾਰ ਹੀਰਾ ਸਿੰਘ ਬੈਚ ਵਿਚ 24 ਬੱਚੇ ਸਨ। ਸਾਰੇ ਹੀ ਬੱਚਿਆਂ ਨੂੰ ਮਰਯਾਦਾ ਬਾਰੇ ਗਿਆਨ ਸੀ ਕਿ ਦਸਤਾਰ ਕਿਸ ਤਰ੍ਹਾਂ ਸਜਾਉਣੀ ਹੈ। ਮੁਕਾਬਲਾ ਬਹੁਤ ਕਠਿਨ ਸੀ। ਤਿੰਨ ਵਾਰੀ ਕਰਕੇ ਬੱਚਿਆਂ ਦੀ ਸਲੈਕਸ਼ਨ ਕੀਤੀ ਗਈ। ਇਨ੍ਹਾਂ ਦੀ ਜੱਜਮੈਂਟ ਸੰਤ ਹਰਪਾਲ ਸਿੰਘ ਤੇ ਗੁਰਦੇਵ ਸਿੰਘ ਚੀਮਾ ਨੇ ਕੀਤੀ। ਇਹਨਾਂ ਪ੍ਰਤੀਯੋਗਤਾ ਵਿਚ ਦਿਨ ਛਿਪ ਗਿਆ ਸੀ ਇਸ ਕਰਕੇ ਸ਼ਾਮ ਨੂੰ ਹੋਣ ਵਾਲੀਆਂ ਦੌੜਾਂ ਸਵੇਰੇ ਕਰਨ ਦਾ ਫੈਸਲਾ ਕੀਤਾ ਗਿਆ। ਰਾਤ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ।

**ਦੂਸਰਾ ਦਿਨ 25 ਜੂਨ 2016, 12 ਹਾੜ 2073 ਬਿ:**

ਅੱਜ ਸੰਮੇਲਨ ਦਾ ਦੂਸਰਾ ਦਿਨ ਸੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਸਾਰੇ ਹੀ ਡੈਲੀਗੇਟ ਇਸ਼ਨਾਨ ਪਾਣੀ ਕਰਕੇ ਕਤਾਰਾਂ ਵਿਚ ਆਕੇ ਬੈਠਦੇ ਰਹੇ। ਇਸ ਤਰ੍ਹਾਂ ਬੀਬੀਆਂ ਵੀ ਕਤਾਰਾਂ ਵਿਚ ਆਕੇ ਨਾਮ ਸਿਮਰਨ ਕਰਦੀਆਂ ਰਹੀਆਂ। ਯਾਦ ਰਹੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਤੇ ਦੁਪਹਿਰ ਦਾ ਨਿਤਨੇਮ ਕੀਰਤਨ ਨੌਜਵਾਨ ਲੜਕੇ ਅਤੇ ਲੜਕੀਆਂ ਦਾ ਇਕਠਾ ਹੀ ਪ੍ਰਤਾਪ ਮੰਦਰ ਵਿਚ ਹੁੰਦਾ ਰਿਹਾ। ਗੁਰੂ ਕਾ ਲੰਗਰ ਵੀ ਇਕਠਾ ਹੀ ਵਰਤਦਾ ਰਿਹਾ। ਪਰ ਸੰਮੇਲਨ ਦੌਰਾਨ ਪ੍ਰਤੀਯੋਗਤਾਵਾਂ ਅਲਗ ਅਲਗ ਹੁੰਦੀਆਂ ਰਹੀਆਂ। ਬੀਬੀਆਂ ਦਾ ਸੰਮੇਲਨ ਹਰੀ ਮੰਦਰ ਵਿਚ ਕਰਵਾਇਆ ਗਿਆ ਸੀ। ਆਸਾ ਦੀ ਵਾਰ ਵਿਚ ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਰੀ ਸੰਗਤ ਨੇ ਵਾਰੋ ਵਾਰੀ ਕਤਾਰਾਂ ਵਿਚ ਆਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਕਰਨ ਉਪਰੰਤ ਅੱਜ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਬਾਰੇ ਸ. ਹਰਪਾਲ ਸਿੰਘ ਸੋਧੀ ਨੇ ਅਨਾਊਸਮੈਂਟ ਕੀਤੀ।

**ਪ੍ਰਤੀਯੋਗਤਾਵਾਂ–**

**ਨੌਵੇ ਮਹੱਲੇ ਦੇ ਸਲੋਕ – ਸ਼ਹੀਦ ਵਰਿਆਮ ਸਿੰਘ ਬੈਚ** ਇਸ ਵਿਚ 9 ਟੀਮਾਂ ਨੇ ਹਿੱਸਾ ਲਿਆ।

**ਜਥੇਦਾਰ ਹੀਰਾ ਸਿੰਘ ਬੈਚ – ਹਿਕਾਇਤ 12ਵੀਂ ਪ੍ਰਤੀਯੋਗਤਾ** ਵਿਚ ਕੁਲ 8 ਟੀਮਾਂ ਨੇ ਭਾਗ ਲਿਆ। ਇਕ ਟੀਮ ਵਿਚ ਸਿਰਫ ਦੋ ਬੱਚੇ ਬੈਠ ਸਕਦੇ ਸਨ। ਸੰਤ ਨਿਸ਼ਾਨ ਸਿੰਘ ਤੇ ਸੰਤ ਬਚਿੱਤਰ ਸਿੰਘ ਨੇ ਇਹਨਾਂ ਬੱਚਿਆਂ ਦੀ ਜੱਜਮੈਂਟ ਕੀਤੀ। ਜਿਸ ਵਿਚ ਹਿਕਾਇਤ ਵਿਚ ਸ੍ਰੀ ਭੈਣੀ ਸਾਹਿਬ ਦੇ ਬੱਚੇ ਅਵੱਲ ਰਹੇ।

**ਦਿਵਾਨ ਪ੍ਰਤੀਯੋਗਤਾ–**

ਇਸ ਦੀ ਜੱਜਮੈਂਟ ਮਾਸਟਰ ਦਰਸ਼ਨ ਸਿੰਘ, ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ, ਸੂਬਾ ਸੁਰਿੰਦਰ ਸਿੰਘ ਗੁਨਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ। ਉਮਰ 13 ਤੋਂ 18 ਸਾਲ ਤਕ 15 ਟੀਮਾਂ ਅਤੇ 18 ਤੋਂ ਉਪਰ 9 ਟੀਮਾਂ ਨੇ ਭਾਗ ਲਿਆ। ਹਰ ਇਕ ਜਥੇਦਾਰ ਦੀ ਪੂਰੀ ਤਿਆਰੀ ਸੀ। ਹਰੇਕ ਜਥੇ ਨੇ ਬਹੁਤ ਹੀ ਵਧੀਆ ਢੰਗ ਨਾਲ ਆਪਣੇ ਦਿੱਤੇ ਸਮੇਂ ਵਿਚ

(ਬਾਕੀ ਸਫਾ 4 'ਤੇ)

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

*ਨਾਮਧਾਰੀ ਨੌਜਵਾਨਾਂ ਤੇ ਬੱਚਿਆਂ ਨੂੰ ਸੰਮੇਲਨ ਦੇ ਭੋਗ ਸਮੇਂ ਉਪਦੇਸ਼ (ਭਾਗ : 2)* *27-6-2016- ਸ੍ਰੀ ਭੈਣੀ ਸਾਹਿਬ*

## ਬੱਚੇ ਚੰਗੇ ਸਿੱਖ ਬਣਨ ਚੰਗੇ ਇਨਸਾਨ ਬਣਨ



ਸਾਰਿਆਂ ਤੋਂ ਪਹਿਲਾਂ ਸਿੱਖੀ ਲਈ ਚੰਗੇ ਇਨਸਾਨ ਬਣਨਾ ਜ਼ਰੂਰੀ ਹੈ। ਚੰਗੇ ਇਨਸਾਨ ਬਣਨ ਤੋਂ ਬਾਅਦ ਚ ਅਸੀਂ ਚੰਗੇ ਸਿੱਖ ਬਣਨੈ। ਉਸ ਤੋਂ ਬਾਅਦ ਵਿੱਚ ਉਹ ਆਖਰੀ ਅਵਸਥਾ ਹੈ ਅਸੀਂ ਸਾਧੂ ਸੰਤ ਬਣਨੈ, ਏਥੇ ਕੋਈ ਕੋਈ ਪਹੁੰਚਦੈ। ਪਰ ਅਸੀਂ ਜਦੋਂ ਓਸ ਰਸਤੇ ਵੱਲ ਨੂੰ ਤੁਰਨਾਂ ਏ ਤੇ ਸਭ ਤੋਂ ਪਹਿਲਾਂ ਚੰਗਾ ਇਨਸਾਨ ਬਣਨ ਲਈ ਤੇ ਨਿਰਮਾਣਤਾ ਹੰਕਾਰ ਛੱਡਣਾਂ ਬਹੁਤ ਜ਼ਰੂਰੀ ਏ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਿਸ਼ਾਹ ਨੇ ਸਾਡੇ ਲਈ ਉਦਾਹਰਣਾ ਸੈਟ ਕੀਤੀਆਂ ਨੇ। ਹੁਣੇ ਹੁਣੇ ਸਾਨੂੰ ਮਾਤਾ ਜੀ ਨੇ ਵੀ ਸਾਡੇ ਲਈ ਉਦਾਹਰਣ ਸੈਟ ਕੀਤੀ ਹੈ। ਮਾਤਾ ਜੀ ਨੇ ਸਾਰੀ ਜ਼ਿੰਦਗੀ ਆਪਣੇ ਆਪ ਨੂੰ ਨਹੀਂ ਜਣਾਇਆ। ਕਦੀ ਉਹਨਾਂ ਇਹ ਨਹੀਂ ਕਿਹਾ ਕਿ ਮੈਂ ਅੱਗੇ ਹੋਵਾਂ। ਤੁਹਾਨੂੰ ਪਤਾ ਹੈ ਮਾਤਾ ਜੀ ਕਈ ਵਾਰੀ ਦੀਵਾਨ ਵਿੱਚ ਵੀ ਨਹੀਂ ਸੀ ਆਉਂਦੇ। ਮਾਤਾ ਜੀ ਕਿਤੇ ਕਿਸੇ ਕੋਨੇ ਵਿੱਚ ਬੈਠੇ ਸੇਵਾ ਕਰਦੇ ਰਹਿੰਦੇ ਸਨ। ਉਹਨਾਂ ਆਪਣੇ ਆਪ ਨੂੰ ਕਦੀ ਜਣਾਇਆ ਈ ਨਹੀਂ। ਉਹਨਾਂ ਆਪਣਾ ਆਪ ਸਤਿਗੁਰੂ ਦੇ ਹੁਕਮ ਵਿੱਚ ਰਹਿਕੇ ਖਤਮ ਕਰ ਦਿੱਤਾ। ਉਹ ਸਾਡੇ ਵਾਸਤੇ ਇੱਕ ਬਹੁਤ ਵੱਡੀ ਸਿੱਖਿਆ ਛਡ ਗਏ ਨੇ।

ਸਤਿਗੁਰੂ ਜੀ ਨੇ ਜਦੋਂ ਕਿਰਪਾ ਕਰਨੀ ਕਿ ਆਹ ਕੰਮ ਕੀਤਾ ਹੈ, ਨਾਲ ਹੀ ਇਹ ਬਚਨ ਕਰਨਾ ਕਿ ਸਤਿਗੁਰੂ ਦੀ ਕਿਰਪਾ ਨਾਲ ਮੇਰੇ ਤੋਂ ਇਹ ਕੰਮ ਹੋ ਗਿਆ। ਕਦੀਂ ਵੀ ਮੇਰੇ ਅੰਦਰ ਹੰਕਾਰ ਨਾ ਆਵੇ। ਇਹਨਾਂ ਛੋਟੀਆਂ ਛੋਟੀਆਂ ਸਿੱਖਿਆਵਾਂ ਨਾਲ ਸਾਡੇ ਅੰਦਰ ਨਿਰਮਾਣਤਾ ਆਉਂਦੀ ਹੈ। ਉਦੋਂ ਅਸੀਂ ਸਿੱਖੀ ਵੱਲ ਤੁਰਦੇ ਹਾਂ। ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੂੰ ਕਵੀ (ਪ੍ਰੀਤਮ ਸਿੰਘ ਕਵੀ) ਜੀ ਨੇ ਇੱਕ ਵਾਰੀ ਅਰਜ਼ ਕੀਤੀ ਜੀ ਸੱਚੇ ਪਾਤਿਸ਼ਾਹ ਕਦੀਂ ਇਹ ਹਿਸਾਬ ਵੀ ਰੱਖਿਆ ਕਿ ਤੁਸੀਂ ਕਿੰਨੀ ਕੁ ਮਦਦ ਕੀਤੀ ਏ? ਸੱਚੇ ਪਾਤਿਸ਼ਾਹ ਹੁਕਮ ਕੀਤਾ ਜੇ ਹਿਸਾਬ ਕਰਨ ਲਗ ਜਾਈਏ ਫੇਰ ਹੰਕਾਰ ਆਉਂਦਾ ਹੈ, ਹੰਕਾਰ ਤੇ ਵੜਨ ਨੂੰ ਥਾਂ ਲੱਭਦਾ ਹੈ, ਤੇ ਮੈਂ ਇੱਕ ਹੋਰ ਹੰਕਾਰ ਦਾ ਥਾਂ ਲਭ ਲਵਾਂ ਕਿ ਮੈਂ ਕਿਸੇ ਦੀ ਕਿੰਨੀ ਮਦਦ ਕੀਤੀ ਹੈ। ਇਸ ਲਈ ਮੈਂ ਇਹਨਾਂ ਗਿਣਤੀਆਂ ਵਿੱਚ ਪਿਆ ਈ ਨਹੀਂ। ਸੱਚੇ ਪਾਤਿਸ਼ਾਹ ਸਦਾ ਈ ਕਿਰਪਾ ਕਰਦੇ ਸੀ ਤੇ ਜੇ ਕਿਸੇ ਨੇ ਮਦਦ ਲੈ ਕੇ ਆਖਣਾ ਕਿ ਸੱਚੇ ਪਾਤਿਸ਼ਾਹ ਮੈਂ ਇਹ ਵਾਪਸ ਕਰ ਜਾਵਾਂਗਾ ਤੇ ਹੁਕਮ ਕਰਨਾ ਮੇਰੀ ਆਦਤ ਨਾ ਖਰਾਬ ਕਰ, ਜੇ ਵਾਪਸ ਕਰਨਾ ਹੈ ਤੇ ਕਿਸੇ ਹੋਰ ਤੋਂ ਲੈ ਲੈ। ਗਿਣਤੀਆਂ ਤੋਂ ਬਚਣਾ ਬੜਾ ਔਖਾ ਹੈ ਇੱਕ ਇੱਕ ਚੀਜ ਤੋਂ ਅਸੀਂ ਸਿੱਖਿਆ ਲਈਏ ਤੇ ਅੱਗੇ ਤੁਰੀਏ।

ਜਦੋਂ ਗੁਰਤੇਜ (ਗੁਰਤੇਜ ਸਿੰਘ ਵਿਦਿਅਕ ਜਥਾ ਪਿੰਡ ਜਾਲਖੇੜੀ ਦਾ ਪ੍ਰਧਾਨ, ਨੌਜਵਾਨ) ਨੂੰ ਇਨਾਮ ਦਿੱਤਾ ਉਦੋਂ ਧਿਆਨ ਵਿੱਚ ਆਇਆ ਸੀ, ਅਸੀਂ ਯਾਦ ਕਰੀਏ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਨੂੰ, ਇੱਕ ਵਾਰੀ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਿਸ਼ਾਹ। ਉਹਨਾਂ ਦਾ ਇੱਕ ਥਾਈਲੈਂਡ ਦਾ ਉਪਦੇਸ਼ ਹੈ, ਸੱਚੇ ਪਾਤਿਸ਼ਾਹ ਹੁਕਮ ਕੀਤਾ ਬੱਚਿਆਂ ਦੀ ਕਿਸਮਤ ਤੇ ਮਾਪਿਆਂ ਦੇ ਹੱਥ ਵਿੱਚ ਨਹੀਂ ਪਰ ਬੱਚੇ ਚੰਗੇ ਸਿੱਖ ਬਣਨ, ਚੰਗੇ ਇਨਸਾਨ ਬਣਨ ਇਹ ਬਹੁਤ ਹਦ ਤੱਕ ਮਾਪਿਆਂ ਦੇ ਹੱਥ ਵਿੱਚ ਏ, ਖਾਸ ਕਰਕੇ ਮਾਵਾਂ ਦੇ ਹੱਥ ਵਿੱਚ। ਗੁਰਤੇਜ ਨੂੰ ਇਨਾਮ ਦਿੱਤਾ ਤੇ ਮੈਨੂੰ ਧਿਆਨ ਵਿੱਚ ਆਇਆ ਕਿ ਗੁਰਤੇਜ ਤੇ ਬਹੁਤ ਅਸਰ.. ਇਹਦੇ ਮਾਪਿਆਂ ਦਾ ਹੈ। ਉਹਨਾਂ ਜੇ ਵਿਆਹ ਕੀਤਾ ਆਪਣੀ ਬੱਚੀ ਦਾ ਜਾਂ ਵਿਆਹ ਕੀਤਾ ਆਪਣੇ ਬੇਟੇ ਦਾ, ਇਹ ਕਿਹਾ ਕਿ ਮੈਨੂੰ ਜਿੱਥੇ ਹੁਕਮ ਹੋਇਗਾ ਮੈ ਉਥੇ ਹੀ ਕਰਨਾ ਹੈ। ਦਾਜ ਦਹੇਜ ਕਿਸੇ ਦਿਖਾਵੇ ਦਾ ਤਾਂ ਕੋਈ ਮਤਲਬ ਹੀ ਨਹੀਂ ਸੀ। ਉਹਨਾਂ ਮਾਪਿਆ ਦੀ ਕਿਰਪਾ ਨਾਲ ਉਹ ਬੱਚੇ ਵੀ ਚੰਗੇ ਗੁਰਸਿੱਖ ਨੇ। ਜਿਹੜੇ ਵੀ ਅਸੀਂ ਮਾਪੇ ਹਾਂ ਸਾਡੇ ਤੇ ਵੀ ਇਹ ਜ਼ਿੰਮੇਵਾਰੀ ਏ ਕਿ ਉਹ ਬੱਚੇ ਸਾਡੇ ਚੰਗੇ ਸਿੱਖ ਬਣਨ। ਜਦੋਂ ਚੰਗੇ ਸਿੱਖ ਬਣਨਗੇ ਆਪੇ ਹੀ ਚੰਗੇ ਇਨਸਾਨ ਬਣਨਗੇ। ਜਦੋਂ ਉਹ ਚੰਗਾ ਇਨਸਾਨ ਬਣੇਗਾ ਚੰਗਾ ਸਿੱਖ ਬਣੇਗਾ ਉਹਦਾ ਆਲਾ ਦੁਆਲਾ ਆਪੇ ਹੀ ਚੰਗਾ ਹੋ ਜਾਵੇਗਾ। ਉਹ ਆਪ ਸੁਖੀ ਹੋਏਗਾ ਦੂਜਿਆਂ ਨੂੰ ਵੀ ਸੁਖੀ ਕਰੇਗਾ। ਜਦੋਂ ਅਸੀ ਚੰਗੇ ਸਿੱਖ ਬਣਦੇ ਹਾਂ ਅਸੀਂ ਸਮਾਜ ਨੂੰ ਬਹੁਤ ਵੱਡਾ ਕੰਟਰੀਬਿਊਸ਼ਨ ਕਰਦੇ ਹਾਂ। ਅਸੀਂ ਉਸ ਸਮਾਜ ਨੂੰ ਅੱਗੇ ਲਿਜਾਣ ਵਿੱਚ ਸਮਾਜ ਨੂੰ ਸੁਖੀ ਕਰਨ ਵਿੱਚ ਸਾਡਾ ਇੱਕ ਹਿੱਸਾ ਪੈਣ ਲਗ ਜਾਂਦਾ ਹੈ। ਏਸ ਕਰਕੇ ਅਸੀਂ ਆਪਣੇ ਬੱਚਿਆਂ ਨੂੰ ਵੀ ਇੱਕ ਚੰਗੇ ਸਿੱਖ ਬਣਾਈਏ।

ਏਥੇ ਇੱਕ ਮੀਟਿੰਗ ਕੀਤੀ ਸੀ ਕਿ ਜੇਹੜੇ ਨੌਜਵਾਨ ਪ੍ਰੋਫੈਸ਼ਨਲ ਹਨ ਪੜੇ ਲਿਖੇ ਨੇ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਿਸ਼ਾਹ ਦਾ ਹੁਕਮ ਯਾਦ ਕਰਦਿਆਂ ਹੋਇਆਂ ਕਿ ਇੰਜਨੀਅਰ ਬਣੋ, ਡਾਕਟਰ ਬਣੋ ਬੱਚੇ ਵੀ ਪੜਨ, ਬੱਚੀਆਂ ਵੀ ਪੜਨ ਸੱਚੇ ਪਾਤਿਸ਼ਾਹ ਬਹੁਤ ਖੁਸ਼ੀਆਂ ਦੇਂਦੇ ਸੀ ਜੇ ਕੋਈ ਬੱਚਾ ਬੱਚੀ ਚੰਗਾ ਪੜ੍ਹਦਾ ਸੀ ਸੱਚੇ ਪਾਤਿਸ਼ਾਹ ਬਹੁਤ ਖੁਸ਼ੀਆਂ ਦੇਂਦੇ ਸੀ। ਸੱਚੇ ਪਾਤਿਸ਼ਾਹ ਪੜ੍ਹਨ ਤੋਂ ਕਦੇ ਨਹੀਂ ਸੀ ਰੋਕਿਆ, ਪਰ ਹੁਕਮ ਕਰਦੇ ਸੀ ਪੜ੍ਹਾਈ ਇੰਜਨੀਅਰਿੰਗ, ਡਾਕਟਰੀ ਬਾਅਦ ਵਿੱਚ ਆਵੇ, ਸਿੱਖੀ ਸਾਰਿਆਂ ਤੋਂ ਉੱਪਰ ਰੱਖਣੀ ਏ। ਪ੍ਰੋਫੈਸ਼ਨਲ ਬੱਚੇ ਬੱਚੀਆਂ ਨੂੰ ਇਕੱਠੇ ਕੀਤਾ ਸੀ ਉਹਨਾਂ ਨੂੰ ਆਖਿਆ ਸੀ ਕਿ ਆਪਾਂ ਇਕੱਠੇ ਹੋਇਆ ਕਰੀਏ। ਬੇਸ਼ੱਕ ਅਸੀਂ ਕੋਈ ਵੱਖਰਾ ਟਾਈਮ ਰੱਖ ਲਿਆ ਕਰੀਏ ਜੇ ਇਥੇ ਬੱਚੇ ਜ਼ਿਆਦਾ ਇਕੱਠੇ ਹੁੰਦੇ ਨੇ ਤਾਂ ਕਿ ਅਸੀਂ ਜੁੜ ਕੇ ਇਹ ਕਰ ਸਕੀਏ ਕਿ ਅਸੀਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਿਸ਼ਾਹ ਦਾ ਸੰਦੇਸ਼ ਹੋਰਨਾਂ ਕੋਲ ਕਿਸ ਤਰਾਂ ਪੁਚਾਉਣਾਂ ਹੈ। ਮੇਰਾ ਇਹ ਵਿਸ਼ਵਾਸ ਏ ਸੱਚੇ ਪਾਤਿਸ਼ਾਹ ਦੀ ਕਿਰਪਾ ਨਾਲ ਕਾਫੀ ਦੁਨੀਆਂ ਦੇਖੀ ਏ, ਤੁਹਾਡਾ ਧਰਮ ਬਹੁਤ ਚੰਗਾ ਹੈ ਤੁਹਾਡਾ ਧਰਮ ਸਭ ਤੋਂ ਚੰਗਾ ਹੈ। ਤੁਸੀਂ ਗੁਰੂ ਨਾਨਕ ਦੇਵ, ਗੁਰੂ ਰਾਮ ਸਿੰਘ ਦੇ ਦੱਸੇ ਹੋਏ ਮਾਰਗ ਤੇ ਤੁਰਦੇ ਚੱਲੋ। ਜੇ ਅਸੀਂ ਆਪਣਾ ਉਹ ਰਸਤਾ ਭੁੱਲ ਕੇ ਹੋਰ ਰੀਤੀ ਰਿਵਾਜਾਂ ਵਿੱਚ ਪਾਖੰਡਾਂ ਵਿੱਚ ਪੈ ਜਾਈਏ ਫੇਰ ਅਸੀਂ ਉਹਨਾਂ ਦਾ ਨਾਂ ਛੋਟਾ ਕਰਦੇ ਹਾਂ। ਏਸ ਕੰਨਫੀਡੈਂਸ ਨਾਲ ਏਸ ਵਿਸ਼ਵਾਸ ਨਾਲ ਆਪਣੇ ਧਰਮ ਦਾ ਪ੍ਰਚਾਰ ਕਰੋ ਕਿ ਮੇਰਾ ਧਰਮ ਬਹੁਤ ਉੱਚਾ ਮੇਰੇ ਗੁਰੂ ਦਾ ਰਾਹ ਬਹੁਤ ਉੱਚਾ ਤੇ ਸੱਚੀਂ ਮੁੱਚੀ ਉੱਚਾ ਹੈ। ਕਿਉਂਕਿ ਮੇਰੇ ਗੁਰੂ ਨੇ ਜੋ ਰਸਤਾ ਦਿਖਾਇਆ ਉਹ ਸਾਰਿਆਂ ਨੂੰ ਇਕੱਠੇ ਕਰਨ ਦਾ ਦਿਖਾਇਆ।

ਇੱਕ ਮੈਂ ਅਰਜ ਕਰਾਂ ਕਿ ਗੁਰੂ ਨਾਨਕ ਦਾ ਰਸਤਾ ਇੱਕ ਧਰਮ ਨਹੀਂ ਕਈ ਸਾਨੂੰ ਭੁਲੇਖਾ ਪਾਉਂਦੇ ਨੇ ਏਕਤਾ ਦਾ। ਇਹ ਸਾਡਾ ਰਸਤਾ, ਇਹ ਸਾਡਾ ਸਕੂਲ ਏ ਇਹ ਬਾਣਾ ਸਾਡਾ ਸਕੂਲ ਏ ਮਿਲਣਾ ਅਸੀਂ ਉਸ ਅਕਾਲ ਪੁਰਖ ਨੂੰ ਹੈ। ਬੇਸ਼ੱਕ ਉਹ ਮੁਸਲਮਾਨ ਏ ਬੇਸ਼ੱਕ ਉਹ ਹਿੰਦੂ ਏ। ਜਿਹੜਾ ਧਰਮ ਤੇ ਚੱਲਦਾ ਹੈ ਉਹਨਾਂ ਸਾਰਿਆਂ ਨਾਲ ਹੀ ਸਾਡੀ ਏਕਤਾ ਹੈ ਜਿਹੜਾ ਧਰਮ ਦਾ ਵਿਰੋਧੀ ਏ ਸਾਡੀ ਉਸ ਨਾਲ ਏਕਤਾ ਨਹੀਂ। ਚੰਗਿਆਈ ਤੇ ਬੁਰਾਈ ਦੀ ਲੜਾਈ ਸ਼ੁਰੂ ਤੋਂ ਹੁੰਦੀ ਆਈ ਏ। ਏਕਤਾ ਬੁਰਿਆਈ ਨਾਲ ਨਹੀਂ। ਏਕਤਾ ਸਾਡੀ ਕਿਸੇ ਵੀ ਧਰਮ ਨਾਲ ਚੱਲਣ ਵਾਲੇ ਕਿਸੇ ਚੰਗੇ ਇਨਸਾਨ ਨਾਲ ਏ। ਅਸੀਂ ਤੇ ਕਿਸੇ ਨੂੰ ਵੀ ਨਹੀਂ ਨਿੰਦਣਾਂ ਸੱਚੇ ਪਾਤਿਸ਼ਾਹ ਸਾਨੂੰ ਥਾਂ ਥਾਂ ਇਹ ਹੁਕਮ ਕੀਤਾ ਨਿੰਦਿਆ ਨਹੀਂ ਕਰਨੀ ਨਿੰਦਾ ਭਲੀ ਕਿਸੈ ਕੀ ਨਾਹੀ ਤੇ ਕਰਦੇ ਕੌਣ ਨੇ.. ਮਨਮੁਖ ਮੁਗਧਿ ਕਰੰਨਿ॥ ਤੇ ਉਹ ਨਿੰਦਿਆ ਤੇ ਸੱਚੇ ਪਾਤਿਸ਼ਾਹ ਸਾਰਿਆਂ ਦੀ ਬੰਦ ਕੀਤੀ ਏ। ਏਸ ਕਰਕੇ ਲੜਾਈ ਸਾਡੀ ਕਿਸੇ ਨਾਲ ਨਹੀਂ। ਲੜਾਈ ਸਾਡੀ ਬੁਰਿਆਈ ਨਾਲ ਏ। ਮੈਂ ਇਹ ਅਰਜ਼ ਬੇਨਤੀ ਕਰਦਾਂ ਕਿ ਬਹੁਤ ਸਾਰੇ ਨੁਕਸ ਹਟ ਜਾਂਦੇ ਨੇ ਬੜੇ ਜ਼ੋਰ ਨਾਲ ਕੋਸ਼ਿਸ਼ ਕਰੀਏ ਕਿ ਆਪਾਂ ਜਦੋਂ ਆਪੋ ਚ ਬੈਠੀਏ ਕਿਸੇ ਦੀ ਬੁਰਿਆਈ ਕਰੀਏ ਈ ਨਾ। ਕਿਤੇ ਦੁਨੀਆਦਾਰੀ ਵਿੱਚ ਜੇ ਵਿਹਾਰ ਚ ਕੋਈ ਗਲ ਕਰਨੀ ਵੀ ਪੈਂਦੀ ਏ ਉਹ ਗੱਲ ਘੱਟ ਤੋਂ ਘੱਟ ਕਰੋ। ਆਪਾਂ ਚੰਗਿਆਈ ਦੀ ਗੱਲ ਕਰੀਏ ਜਦੋਂ ਆਪਾਂ ਬੁਰਿਆਈ ਨਹੀਂ ਕਰਾਂਗੇ, ਨਿੰਦਿਆ ਨਹੀਂ ਕਰਾਂਗੇ ਅਸੀਂ ਆਪੇ ਹੀ ਸੱਚੇ ਪਾਤਿਸ਼ਾਹ ਦੇ ਰਸਤੇ ਤੇ ਤੁਰਨ ਲਗ ਜਾਵਾਂਗੇ। ਮੇਰੀ ਇਹ ਅਰਦਾਸ ਏ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਸਤਿਗੁਰੂ ਕਿਰਪਾ ਕਰੇ ਇਹ ਪੰਥ ਚੜ੍ਹਦੀ ਕਲਾ ਵਿੱਚ ਜਾਵੇ ਉਹਨਾਂ ਦਾ ਇਹ ਪੰਥ ਸੱਚਾ ਹੈ। ਸੱਚ ਦੀ ਸਦਾ ਈ ਜਿੱਤ ਹੋਵੇ ਉਹਨਾਂ ਦੀ ਬਖਸ਼ਿਸ਼ ਹੋਵੇ। ਮੈਂ ਏਨੀ ਗੱਲ ਕਰਕੇ ਖਿਮਾਂ ਦਾ ਜਾਚਕ ਹਾਂ। ਸਤਿ ਸ੍ਰੀ ਅਕਾਲ।

# ਨੌਜਵਾਨਾਂ ਦਾ 51ਵਾਂ ਵਾਰਸ਼ਿਕ ਸੰਮੇਲਨ ਸੰਪੰਨ...(ਬਾਕੀ ਸਫਾ 2 ਦੀ)

ਦਿਵਾਨ ਪੂਰਾ ਕੀਤਾ। ਸ੍ਰੀ ਸਤਿਗੁਰੂ ਜੀ ਨੇ ਵੀ ਦਿਵਾਨ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ।

**ਨਿਤਨੇਮ ਤੇ ਕੀਰਤਨ–**

ਦੁਪਹਿਰ ਵੇਲੇ ਨਿਤਨੇਮ ਤੇ ਕੀਰਤਨ ਪ੍ਰਤਾਪ ਮੰਦਰ ਵਿਚ ਕੀਤਾ ਗਿਆ। ਅੱਜ ਨਿਤਨੇਮ ਕਰਨ ਦੀ ਪ੍ਰਤੀਯੋਗਤਾ ਸੀ ਜਿਸ ਵਿਚ 9 ਤੋਂ 12 ਸਾਲ ਤੱਕ ਦੇ ਬੱਚਿਆਂ ਨੇ ਭਾਗ ਲਿਆ। ਕੁਲ ਗਿਣਤੀ 125 ਸੀ। ਇਹਨਾਂ ਦੀ ਜੱਜਮੈਂਟ ਸੰਤ ਹਰਪਾਲ ਸਿੰਘ ਸੋਢੀ ਤੇ ਗੁਰਦੇਵ ਸਿੰਘ ਚੀਮਾਂ ਨੇ ਕੀਤੀ।

**ਵਿਸ਼ੇਸ਼ ਇਕੱਤਰਤਾ–**

ਇਸ ਵਾਰੀ ਸੰਤ ਗੁਰਮੁਖ ਸਿੰਘ ਜੀ ਦੇ ਸਹਿਯੋਗ ਨਾਲ ਇਕ ਵਿਸ਼ੇਸ਼ ਇਕੱਤਰਤਾ ਕੀਤੀ ਗਈ ਸੀ ਜਿਸ ਵਿਚ ਨੌਜਵਾਨ ਲੜਕੇ ਲੜਕੀਆਂ ਨੇ ਭਾਗ ਲਿਆ। ਸ੍ਰੀ ਸਤਿਗੁਰੂ ਜੀ ਨੇ ਆਪ ਕਿਰਪਾ ਕੀਤੀ। ਇਹਨਾਂ ਸਾਰੇ ਹੀ ਬੱਚਿਆਂ ਨਾਲ ਜਾਣ ਪਛਾਣ ਕੀਤੀ। ਮੀਟਿੰਗ ਦੌਰਾਨ ਵੱਖ ਵੱਖ ਮੁਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਅਸੀਂ ਜ਼ਿਆਦਾ ਗਲਾਂ ਬਾਤਾਂ ਨਾ ਕਰੀਏ। ਕਿਸੇ ਨਤੀਜੇ ਤੇ ਪਹੁੰਚ ਕੇ ਕੋਈ ਇਕ ਦੋ ਕਾਰਜ ਕੀਤੇ ਜਾਣ। ਵੱਖ ਵੱਖ ਨੌਜਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਜਿਸ ਵਿਚ ਆਪਸੀ ਮੇਲ ਮਿਲਾਪ, ਨਾਮਧਾਰੀ ਪੰਥ ਦੇ ਪਸਾਰ ਵਾਸਤੇ ਅਨੰਦ ਕਾਰਜ ਅਤੇ ਹੋਰ ਵੱਖ ਵੱਖ ਪਹਿਲੂਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਕਲ੍ਹ ਨੂੰ ਇਕ ਵਾਰੀ ਫਿਰ ਇਕਠੇ ਹੋਈਏ ਤੇ ਕਲ ਤਕ ਕੋਈ ਨਾ ਕੋਈ ਫੈਸਲਾ ਲਿਆ ਜਾਵੇ। ਇਸ ਵਿਚ ਤਕਰੀਬਨ 115 ਪੜ੍ਹੇ ਲਿਖੇ ਨੌਜਵਾਨ ਬੱਚੇ ਤੇ ਬੱਚੀਆਂ ਨੇ ਭਾਗ ਲਿਆ।

**ਖੇਡਾਂ–** ਸ਼ਾਮ ਨੂੰ 200 ਅਤੇ 400 ਮੀਟਰ ਨੌਜਵਾਨਾਂ ਦੀ ਪ੍ਰਤੀਯੋਗਤਾ ਕਰਵਾਈ ਗਈ। 50 ਮੀਟਰ ਦੌੜ ਬੱਚਿਆਂ ਦੀ, 100 ਮੀਟਰ ਤੇ ਤਿੰਨ ਟੰਗੀ ਦੌੜ ਵਿਚ ਬੱਚਿਆਂ ਨੇ ਭਾਗ ਲਿਆ। ਬੀਬੀ ਰਣਜੀਤ ਕੌਰ ਤੇ ਨਿਰੰਜਨ ਸਿੰਘ ਕੋਚ ਨੇ ਇਹਨਾਂ ਬੱਚਿਆਂ ਦੀ ਜੱਜਮੈਂਟ ਕੀਤੀ।

**ਸੰਗੀਤ ਪ੍ਰਤੀਯੋਗਤਾ–**

ਸ਼ਹੀਦ ਵਰਿਆਮ ਸਿੰਘ ਬੈਚ ਵਿਚ ਕੁਲ 22 ਬੱਚਿਆਂ ਨੇ ਤਬਲੇ ਵਿਚ ਹਿੱਸਾ ਲਿਆ ਅਤੇ ਜਥੇਦਾਰ ਹੀਰਾ ਸਿੰਘ ਬੈਚ ਵਿਚ ਕੁਲ 15 ਬੱਚਿਆਂ ਨੇ। ਇਸ ਦੀ ਜੱਜਮੈਂਟ ਸੰਤ ਗਿਆਨ ਸਿੰਘ ਚੀਮਾਂ ਨੇ ਕੀਤੀ।

**ਢੋਲਕੀ ਪ੍ਰਤੀਯੋਗਤਾ–**

ਵਿਚ ਕੁਲ 28 ਬੱਚਿਆਂ ਨੇ ਹਿੱਸਾ ਲਿਆ। ਸੰਤ ਕਰਮ ਸਿੰਘ ਨੇ ਇਹਨਾਂ ਦੀ ਜੱਜਮੈਂਟ ਕੀਤੀ। ਇਸ ਵਿਚ ਜ਼ਿਆਦਾ ਬੱਚੇ ਦਿੱਲੀ ਦੇ ਹੀ ਸਨ ਤੇ ਇਨਾਮ ਵੀ ਦਿੱਲੀ ਦੇ ਨੌਜਵਾਨਾਂ ਨੇ ਪ੍ਰਾਪਤ ਕੀਤੇ। ਸਵੇਰ ਰਾਤ ਤਕ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ।

**ਤੀਸਰਾ ਦਿਨ 26 ਜੂਨ 2016, 13 ਹਾੜ 2073 ਬਿ.**

ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਰਵ ਸੰਤ ਹਰਬੰਸ ਸਿੰਘ ਘੁੱਲਾ, ਸ਼ਾਮ ਸਿੰਘ, ਗਿਆਨ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਨਾਲ ਗਾਇਨ ਕੀਤਾ। ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰਕੇ ਸੰਗਤਾਂ ਨਿਹਾਲ ਹੋਈਆਂ। ਸਭ ਟੀਮਾਂ ਤਿਆਰ ਬਰ ਤਿਆਰ ਹੋ ਕੇ ਸਿਮਰਤੀ ਮੰਦਰ ਵਿਚ ਹਾਜ਼ਰ ਸਨ।

**ਸ. ਸਵਰਨ ਸਿੰਘ ਵਿਰਕ–**

ਨੇ ਵਿਦਿਅਕ ਜਥੇ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਕਿਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਕੇ ਇਸ ਦੀ ਸਥਾਪਨਾ ਕੀਤੀ। ਅਸੀਂ ਉਦੋਂ ਛੋਟੇ ਸੀ। ਉਨ੍ਹਾਂ ਨੇ ਸਾਡੇ ਸਿਰਾਂ ਤੇ ਹੱਥ ਰੱਖਕੇ ਇਨ੍ਹਾਂ ਨੌਜਵਾਨਾਂ ਨੂੰ ਇਕ ਸੰਸਥਾ ਦੇ ਰੂਪ ਵਿਚ ਸੰਗਠਤ ਕੀਤਾ। ਉਹਨਾਂ ਦੇ ਲਾਏ ਹੋਏ ਬੂਟੇ ਵਿਚੋਂ ਸੈਂਕੜੇ ਨੌਜਵਾਨ ਅੱਜ ਵੱਖ ਵੱਖ ਅਹੁਦਿਆਂ ਤੇ ਬਿਰਾਜਮਾਨ ਹਨ। ਉਨ੍ਹਾਂ ਨੇ ਬੱਚਿਆਂ ਨੂੰ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਸਾਰਾ ਕਾਰਜ ਹੋਇਆ ਹੈ। ਤੁਸੀਂ ਤਗੜੇ ਹੋ ਕੇ ਇਸ ਜਥੇ ਦੀ ਸੇਵਾ ਕਰੋ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਇਨਾਮ ਵੰਡ ਸਮਾਗਮ–**

ਅੱਜ ਤੱਕ ਦੀਆਂ ਹੋਈਆਂ ਪ੍ਰਤੀਯੋਗਤਾਵਾਂ ਵਿਚ ਇਨਾਮਾ ਦੀ ਵੰਡ ਕੀਤੀ ਜਾਣੀ ਸੀ। ਇਸ ਕਰਕੇ ਸਾਰੇ ਡੈਲੀਗੇਟਸ ਨੂੰ ਤਰਤੀਬਵਾਰ ਕਤਾਰਾਂ ਵਿਚ ਬਿਠਾਇਆ ਗਿਆ। ਸੁਖਵਿੰਦਰ ਸਿੰਘ ਲਾਇਲ ਨੇ ਜੇਤੂ ਬੱਚਿਆਂ ਦੀ ਅਨਾਊਂਸਮੈਂਟ ਕੀਤੀ। ਵਾਰੀ ਵਾਰੀ ਆ ਕੇ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਤੋਂ ਇਨਾਮ ਪ੍ਰਾਪਤ ਕੀਤੇ। ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨਾਲ ਬਚਨ ਬਿਲਾਸ ਵੀ ਕੀਤੇ ਤੇ ਖੁਸ਼ੀਆਂ ਬਖਸ਼ੀਆਂ।

**ਗੁਰਬਾਣੀ ਅੰਤਾਖਰੀ ਪ੍ਰਤੀਯੋਗਤਾ–**

ਸ਼ਹੀਦ ਵਰਿਆਮ ਸਿੰਘ ਬੈਚ ਵਿਚ 12 ਟੀਮਾਂ, ਜਥੇਦਾਰ ਹੀਰਾ ਸਿੰਘ ਬੈਚ ਵਿਚ 10 ਟੀਮਾਂ ਨੇ ਭਾਗ ਲਿਆ। ਇਹ ਪ੍ਰਤੀਯੋਗਤਾ ਬਹੁਤ ਕਠਿਨ ਹੈ। ਸ਼ੁੱਧ ਗੁਰਬਾਣੀ ਦੇ ਉਚਾਰਨ ਦਾ ਖਿਆਲ ਵੀ ਰੱਖਿਆ ਜਾਂਦਾ ਹੈ। ਇਸ ਕਰਕੇ ਇਸ ਦੀ ਜੱਜਮੈਂਟ ਸੰਤ ਨਿਸ਼ਾਨ ਸਿੰਘ ਤੇ ਸੰਤ ਬਚਿੱਤਰ ਨੇ ਬਹੁਤ ਹੀ ਧਿਆਨ ਪੂਰਵਕ ਕੀਤੀ। ਮੁਕਾਬਲਾ ਬਹੁਤ ਜ਼ਿਆਦਾ ਸਖਤ ਸੀ। ਬੱਚਿਆਂ ਦੀ ਤਿਆਰੀ ਵੀ ਪੂਰੀ ਸੀ।

**ਸੰਗੀਤ ਪ੍ਰਤੀਯੋਗਤਾ–**

ਅੱਜ ਗਾਇਣ ਤੇ ਤੰਤੀ ਸਾਜਾਂ ਦੀ ਵਾਰੀ ਸੀ। ਸੰਤ ਹਰਵਿੰਦਰਪਾਲ ਸਿੰਘ ਗਾਇਣ ਤੇ ਈਸ਼ਰ ਸਿੰਘ ਨੇ ਤੰਤੀ ਸਾਜਾਂ ਦੀ ਜੱਜਮੈਂਟ ਕੀਤੀ।

**ਨਾਮ ਸਿਮਰਨ ਤੇ ਕੀਰਤਨ–**

ਹਰ ਰੋਜ਼ ਦੀ ਤਰ੍ਹਾਂ ਨਾਮ ਸਿਮਰਨ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ ਟੇਪ ਸਰਵਨ ਕੀਤਾ ਗਿਆ। ਕੀਰਤਨ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ, ਸ਼ਾਮ ਸਿੰਘ, ਸਰਮੁਖ ਸਿੰਘ, ਈਸ਼ਰ ਸਿੰਘ ਤੇ ਗਿਆਨ ਸਿੰਘ ਨੇ ਕੀਤਾ।



ਸੰਮੇਲਨ ਦੌਰਾਨ ਜੱਜਮੈਂਟ ਅਤੇ ਹੋਰ ਸਹਿਯੋਗ ਲਈ ਸਤਿਗੁਰੂ ਜੀ ਪਾਸੋਂ ਸਨਮਾਨ ਚਿੰਨ੍ਹ ਪ੍ਰਾਪਤ ਕਰਦੇ ਸੰਤ ਨਿਸ਼ਾਨ ਸਿੰਘ ਕਥਾਵਾਚਕ।

**ਸੰਤ ਨਿਸ਼ਾਨ ਸਿੰਘ–**

ਨੇ ਦੱਸਿਆ ਕਿ ਕੂਕਿਆਂ ਦੀ ਨਿਸ਼ਾਨੀ ਕੀ ਹੈ ਸਫੈਦ ਬਸਤਰ। ਗਲ ਵਿਚ ਚਿੱਟੀ ਮਾਲਾ ਹੁੰਦੀ ਹੈ। ਉਹਨਾਂ ਨੇ ਸਫੈਦ ਬਸਤਰਾਂ ਬਾਰੇ ਜਾਣਕਾਰੀ ਦਿੱਤੀ। ਇਕ ਸਮਾਂ ਸੀ ਜਦੋਂ ਨਾਮਧਾਰੀ ਨੀਲੀ ਦਰੀ ਤੇ ਨਹੀਂ ਬੈਠਦੇ ਸਨ। ਸਾਨੂੰ ਸਤਿਗੁਰੂ ਦੇ ਹੁਕਮਾਂ ਤੇ ਚਲਣਾ ਚਾਹੀਦਾ ਹੈ। ਸਤਿਗੁਰੂ ਜੀ ਹਮੇਸ਼ਾਂ ਚਿੱਟੇ ਬਸਤਰ ਹੀ ਪਹਿਨਦੇ ਸਨ। ਗੁਰੂ ਨਾਨਕ ਜੀ ਨੇ ਨੀਲੇ ਬਸਤਰ ਧਾਰਨ ਕੀਤੇ, ਉਹਨਾਂ ਦੇ ਮੱਕੇ ਜਾਣ ਵਾਸਤੇ ਉਹ ਭੇਸ ਧਾਰਨਾ ਜ਼ਰੂਰੀ ਸੀ। ਇਸ ਦਾ ਮਤਲਬ ਨਹੀਂ ਕਿ ਉਹ ਰੀਤ ਬਣ ਗਈ। ਗੁਰੂ ਨਾਨਕ ਜੀ ਆਸਾ ਦੀ ਵਾਰ ਵਿਚ ਲਿਖਦੇ ਹਨ :

*ਸਾਮ ਕਹੈ ਸੇਤੰਬਰੁ ਸੁਆਮੀ*
*ਸਚ ਮਹਿ ਆਛੈ ਸਾਚਿ ਰਹੇ।।*

ਉਹਨਾਂ ਨੇ ਵੀ ਚਿਟੇ ਬਸਤਰਾਂ ਨੂੰ ਪਹਿਲ ਦਿੱਤੀ ਸੀ। ਸਤਿਜੁਗ ਦੇ ਰਹਿਣ ਵਾਲੇ ਸਾਰੇ ਲੋਕ ਚਿਟੇ ਬਸਤਰ ਪਹਿਨਦੇ ਸਨ ਕਿਉਂਕਿ ਪ੍ਰਕਾਸ਼ ਚਿਟਾ ਹੁੰਦਾ ਹੈ। ਚਿਟੇ ਦਾ ਭਾਗ ਹੈ ਸਚ, ਗਿਆਨ।

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ :

ਮੋਹ ਅਗਿਆਨ ਦਾ ਰੰਗ ਕਾਲਾ ਹੈ। ਪ੍ਰਕਾਸ਼ ਗਿਆਨ ਹਮੇਸ਼ਾਂ ਚਿੱਟਾ ਹੈ।

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਅੰਦਰ ਵੀ ਸਾਨੂੰ ਸੱਚ ਰਖਣਾ ਪਵੇਗਾ–

*ਨੀਲ ਬਸਤ੍ਰ ਪਹਿਰ ਹੋਵਹਿ ਪਰਵਾਣੁ।।*

ਸਮੇਂ ਦੀ ਹਕੂਮਤ ਮੁਸਲਮਾਨ ਹੈ। ਗੁਰੂ ਜੀ ਕਹਿੰਦੇ– – ਉਹ ਨੀਲਾ ਰੰਗ ਧਾਰਨ ਕਰਦੇ ਹਨ। ਇਹ ਮੁਸਲਮਾਨਾਂ ਦਾ ਰੰਗ ਹੈ। ਇਹ ਸੋਚ ਦੀ ਗਲ ਹੈ – ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਜੰਗਲਾਂ ਵਿਚ ਸੁਰਮਈ ਰੰਗ ਦੇ ਕਪੜੇ ਧਾਰਨ ਕੀਤੇ ਸਨ। ਇਹ ਸਮੇਂ ਦੀ ਗਲ ਸੀ – "ਕਲਜੁਗ ਹੋਸੀ ਕਾਲਾ ਬਾਣਾ।"

ਸੋਢੀ ਕੋਲ ਰਾਏ ਨੇ ਆਖਿਆ ਆਪ ਜੀ ਨੇ ਇਹ ਬਾਣਾ ਧਾਰਨ ਕੀਤਾ ਹੈ, ਇਹ ਚੰਗਾ ਨਹੀਂ ਲਗਦਾ, ਚਿਟਾ ਬਾਣਾ ਭੇਟ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਬਾਣਾ ਬਦਲਿਆ ਤੇ ਇਥੇ ਤੁਕ ਵੀ ਪਲਟੀ। ਸਿਖਾਂ ਨੇ ਆਖਿਆ ਤੁਸੀਂ ਇਹ ਕੀ ਕੀਤਾ ਹੈ ਪੂਰੀ ਤੁਕ ਹੀ ਪਲਟ ਦਿੱਤੀ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਕਿ ਇਸ ਵਾਸਤੇ ਸਾਰਾ ਸਰਬੰਸ ਵਾਰ ਦਿੱਤਾ ਹੈ।

ਅਖੀਰ ਵਿਚ ਸੰਤ ਨਿਸ਼ਾਨ ਸਿੰਘ ਨੇ ਚਿਟੇ ਬਸਤਰਾਂ ਦੀ ਮਹਾਨਤਾ ਬਾਰੇ ਚਾਨਣਾ ਪਾਇਆ। ਉਹਨਾਂ ਨੇ ਨੀਲੇ ਰੰਗ ਦੀ ਵਰਤੋਂ ਬਾਰੇ ਦੱਸਿਆ ਕਿ ਸਾਡੇ ਗੁਰੂ ਸਾਹਿਬਾਨ ਦਾ ਇਹ ਹੁਕਮ ਨਹੀਂ। ਇਸ ਨਾਲ ਮਤ ਮਾਰੀ ਜਾਂਦੀ ਹੈ। ਸਾਨੂੰ ਆਪਣੇ ਘਰਾਂ ਵਿਚ ਇਸਦੀ ਵਰਤੋਂ ਨਹੀਂ ਕਰਨੀ ਚਾਹੀਦੀ।

**ਸਵਾਲ ਜਵਾਬ ਪ੍ਰਤੀਯੋਗਤਾ–**

ਇਸ ਪ੍ਰਤੀਯੋਗਤਾ ਵਿਚ ਕੇਵਲ ਦੋ ਬੱਚੇ ਹੀ ਬੈਠ ਸਕਦੇ ਸਨ। ਸ਼ਹੀਦ ਵਰਿਆਮ ਸਿੰਘ ਬੈਚ ਉਮਰ 13 ਤੋਂ 18 ਸਾਲ ਤਕ 13 ਟੀਮਾਂ ਤੇ ਜਥੇਦਾਰ ਹੀਰਾ ਸਿੰਘ ਬੈਚ ਵਿਚ 18 ਸਾਲ ਤੋਂ ਉਪਰ ਦੀਆਂ 10 ਟੀਮਾਂ ਨੇ ਹਿੱਸਾ ਲਿਆ।

ਇਹਨਾਂ ਦੀ ਪ੍ਰਤੀਯੋਗਤਾ ਸੰਤ ਮੰਗਲਜੀਤ ਸਿੰਘ, ਗੁਰਦੇਵ ਸਿੰਘ ਚੀਮਾਂ, ਗੁਰਪ੍ਰੀਤ ਸਿੰਘ ਨੇ ਕਰਵਾਈ।

**ਬੈਨਰ ਮੇਕਿੰਗ–**

ਵਿਚ ਬੇਤਾ ਸਿੰਘ ਪਹਿਲੇ ਸਥਾਨ ਤੇ ਰਿਹਾ। ਫੋਟੋਗ੍ਰਾਫੀ 18 ਤੋਂ ਉਪਰ ਵਿਚ ਪਰਮਜੋਤ ਸਿੰਘ ਦਿੱਲੀ ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

**ਬੈਡਮਿੰਟਨ ਡਬਲ–**

ਇਹ ਮੁਕਾਬਲਾ ਵੀ ਬਹੁਤ ਸਖਤ ਸੀ। ਇੰਨਡੋਰ ਸਟੇਡੀਅਮ ਵਿਚ ਇਸ ਦਾ ਮੁਕਾਬਲਾ ਸੰਤ ਗੁਰਮੁਖ ਸਿੰਘ ਕੋਚ ਨੇ ਕਰਵਾਇਆ। ਜਿਸ ਵਿਚ ਸ੍ਰੀ ਭੈਣੀ ਸਾਹਿਬ ਦੀ ਟੀਮ ਨੇ ਪਹਿਲਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਦੂਸਰੇ ਨੰਬਰ ਤੇ ਦਿੱਲੀ ਦੀ ਟੀਮ ਵਿਜੇਤਾ ਰਹੀ।

**ਫੁਟਬਾਲ ਸ਼ੋ ਮੈਚ–**

ਸ੍ਰੀ ਭੈਣੀ ਸਾਹਿਬ ਦਾ ਮੁਕਾਬਲਾ ਮੁਲੱਡਾਕਲਾਂ ਨਾਲ ਜਿਸ ਵਿਚ ਸ੍ਰੀ ਭੈਣੀ ਸਾਹਿਬ 2–0 ਨਾਲ ਵਿਨਰ ਰਹੀ।

**ਵਾਲੀਬਾਲ ਮੈਚ–**

ਸ੍ਰੀ ਭੈਣੀ ਸਾਹਿਬ ਦੀ ਟੀਮ ਦਾ ਮੁਕਾਬਲਾ ਰਾਮਪੁਰਾਫੂਲ ਨਾਲ ਜਿਸ ਵਿਚ ਸ੍ਰੀ ਭੈਣੀ ਸਾਹਿਬ ਵਿਜੇਤਾ ਰਹੀ।

**27 ਜੂਨ 2016 ਚੌਥਾ ਦਿਨ ਸੋਮਵਾਰ – 14 ਹਾੜ 2073 ਬਿ.**

ਅੱਜ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦੇ ਨੌਜਵਾਨਾਂ ਵਲੋਂ ਮਿਲ ਕੇ ਕੀਤਾ ਗਿਆ। ਵਾਰੇ ਦੀ ਸਮਾਪਤੀ ਤੋਂ ਬਾਅਦ ਸੰਤ ਹਰਪਾਲ ਸਿੰਘ ਸੇਵਕ ਨੇ ਆਪਣੇ ਭਾਸ਼ਣ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਣਨ ਕੀਤਾ। ਉਹਨਾਂ ਨੇ ਨੌਜਵਾਨਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਤੇ ਆਪਣਾ ਜੀਵਨ ਸੱਚਾ ਸੁੱਚਾ ਤੇ ਉਚਾ ਬਤੀਤ ਕਰਨ ਬਾਰੇ ਆਖਿਆ।

**ਮਾਸਟਰ ਦਰਸ਼ਨ ਸਿੰਘ** ਜੀ ਨੇ ਬੱਚਿਆਂ ਨੂੰ ਸ਼ੁੱਧ ਗੁਰਬਾਣੀ ਦਾ ਪਾਠ ਕਰਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

**ਜੇਤੂ ਬੱਚਿਆਂ ਨੂੰ ਇਨਾਮ–**

ਖੇਡਾਂ, ਸੰਗੀਤ, ਗੁਰਬਾਣੀ ਤੇ ਸੁਆਲ ਜਵਾਬ ਵਿਚ ਆਏ ਜੇਤੂ ਬੱਚਿਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਇਨਾਮ ਵੰਡਣ ਦੀ ਕਿਰਪਾ ਕੀਤੀ ਸੰਤ ਮੰਗਲਜੀਤ ਸਿੰਘ ਨੇ ਜੇਤੂ ਬੱਚਿਆਂ ਦੇ ਨਾਮਾ ਦੀ ਅਨਾਊਂਸਮੈਂਟ ਕੀਤੀ। ਸੰਤ ਹਰਪਾਲ ਸਿੰਘ ਨੇ ਸਾਰੇ ਨੌਜਵਾਨਾਂ ਦਾ

(ਬਾਕੀ ਸਫਾ 5 'ਤੇ)



ਸ੍ਰੀ ਸਤਿਗੁਰੂ ਜੀ ਸੰਤ ਹਜ਼ਾਰਾ ਸਿੰਘ ਦਿੱਲੀ ਨੂੰ ਸਨਮਾਨ ਚਿੰਨ੍ਹ ਬਖਸ਼ਦੇ ਹੋਏ।

# ਨੌਜਵਾਨਾਂ ਦਾ 51ਵਾਂ ਵਾਰਸ਼ਿਕ ਸੰਮੇਲਨ ਸੰਪੰਨ...(ਬਾਕੀ ਸਫਾ 4 ਦੀ)



**ਸੰਮੇਲਨ ਦੌਰਾਨ ਜੱਜਮੈਂਟ ਅਤੇ ਹੋਰ ਸਹਿਯੋਗ ਲਈ ਸਤਿਗੁਰੂ ਜੀ ਪਾਸੋਂ ਸਨਮਾਨ ਚਿੰਨ੍ਹ ਪ੍ਰਾਪਤ ਕਰਦੇ ਹਰਪਾਲ ਸਿੰਘ ਸੇਵਕ।**

ਸੰਮੇਲਨ ਵਿਚ ਆਉਣ ਦਾ ਧੰਨਵਾਦ ਕੀਤਾ।

**ਲੰਗਰ–** ਲੰਗਰ ਦਾ ਇੰਤਜਾਮ ਪ੍ਰਤਾਪ ਮੰਦਰ ਦੇ ਨਾਲ ਹੀ ਕੀਤਾ ਗਿਆ। ਸੂਬਾ ਹਰਭਜਨ ਸਿੰਘ, ਜੋਗਿੰਦਰ ਸਿੰਘ। ਜੀ. ਪੀ. ਸਿੰਘ, ਨਿਰਮਲ ਸਿੰਘ ਭੱਟੀ ਨੇ ਮਿਲਕੇ ਲੰਗਰ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ ਹੋਇਆ ਸੀ। ਵੱਖ ਵੱਖ ਜਥਿਆਂ ਨੇ ਲੰਗਰ ਵਰਤਾਉਣ ਦੀ ਸੇਵਾ ਵੰਡ ਕੇ ਕੀਤੀ।

**ਮੇਨਗੇਟ ਤੇ ਡੈਲੀਗੇਟਾਂ ਦੀ ਸੇਵਾ–**

ਸੰਤ ਹਰਪ੍ਰੀਤ ਸਿੰਘ ਤੇ ਸੰਤ ਕੰਵਲਜੀਤ ਸਿੰਘ ਨੇ ਕੀਤੀ।

**ਹੁਕਮਨਾਮਿਆਂ ਦੀ ਪੁਸਤਕ ਰਲੀਜ਼–**

ਸ੍ਰੀ ਸਤਿਗੁਰੂ ਜੀ ਨੇ ਇਸ ਦਾ ਦੂਸਰਾ ਭਾਗ ਆਪਣੇ ਕਰ ਕਮਲਾਂ ਨਾਲ ਰਲੀਜ਼ ਕੀਤਾ। ਸ. ਜਸਵਿੰਦਰ ਸਿੰਘ ਹਿਸਟੋਰੀਅਨ ਨੇ ਸ੍ਰੀ ਸਤਿਗੁਰੂ ਜੀ ਨੂੰ ਇਹ ਪੁਸਤਕ ਭੇਟ ਕੀਤੀ। ਬਾਅਦ ਵਿਚ ਉਹਨਾਂ ਨੇ ਇਸ ਪੁਸਤਕ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਤੇ ਆਪਣੇ ਸੇਵਕ ਵਲੋਂ ਤਿਆਰ ਕੀਤੀ ਗਈ ਪੁਸਤਕ ਨੂੰ ਸੰਮੇਲਨ ਦੇ ਮੌਕੇ ਤੇ ਰਲੀਜ਼ ਕੀਤਾ।

**ਸੰਮੇਲਨ ਤੇ ਜੋੜਿਆਂ ਦਾ ਪ੍ਰਬੰਧ–**

ਨਿਸ਼ਕਾਮ ਸੇਵਕ ਜਥਾ ਦਿੱਲੀ ਨੇ ਤਨ ਮਨ ਨਾਲ ਕੀਤਾ।

**ਠੰਡੇ ਜਲ ਦੀ ਛਬੀਲ–**

ਸੰਤ ਦਰਸਨ ਸਿੰਘ ਸੋਨੂੰ, ਸੰਤ ਕੁਲਦੀਪ ਸਿੰਘ, ਸੰਤ ਬਲਕਾਰ ਸਿੰਘ ਤੇ ਸਾਥੀ ਨੌਜਵਾਨਾਂ ਨੇ ਮਿਲਕੇ ਤਿੰਨੋ ਦਿਨ ਠੰਢੇ ਜਲ ਦੀ ਸੇਵਾ ਕੀਤੀ।

**ਲੰਗਰ ਵਿਚ ਭਾਂਡੇ ਮਾਂਜਣ ਦੀ ਸੇਵਾ**

ਲੁਧਿਆਣਾ, ਸ੍ਰੀ ਭੈਣੀ ਸਾਹਿਬ ਦੀਆਂ ਬੀਬੀਆਂ ਨੇ ਮਿਲਕੇ ਕੀਤੀ।

**ਗਤਕਾ–**

ਸਰੋਵਰ ਕੋਲ ਉਸਤਾਦ ਸੁਖਵਿੰਦਰ ਸਿੰਘ ਵਲੋਂ ਤਿਆਰ ਬੱਚਿਆਂ ਨੇ ਗਤਕੇ ਦੇ ਜੌਹਰ ਦਿਖਾਏ।

## 51ਵੇਂ ਵਾਰਸ਼ਿਕ ਸੰਮੇਲਨ ਵਿਚ ਸਰਵੋਤਮ ਜਥੇ

**ਸਰਵੋਤਮ ਮੈਂਬਰ** – ਸੰਤ ਗੁਰਤੇਜ ਸਿੰਘ ਜਾਲਖੇੜੀ

**ਸਰਵੋਤਮ ਜਥਾ–** ਸ੍ਰੀ ਭੈਣੀ ਸਾਹਿਬ

**ਸਰਵੋਤਮ ਜੋਨ ਜਥਾ** – ਲੁਧਿਆਣਾ

**ਸਰਵੋਤਮ ਅਨੁਸਾਸ਼ਿਤ ਜਥਾ** – ਜਮੁਨਾ ਨਗਰ

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਇਸ 51ਵੇਂ ਵਾਰਸ਼ਿਕ ਸੰਮੇਲਨ ਤੇ ਨੌਜਵਾਨਾਂ ਤੇ ਬੀਬੀਆਂ ਦੀ ਨਵੀਂ ਟੀਮ ਦਾ ਐਲਾਨ ਕੀਤਾ। ਪਹਿਲੇ ਪ੍ਰਬੰਧਕ ਸੰਤ ਗੁਰਮੁਖ ਸਿੰਘ ਰਹਿਬਰ, ਬੀਬੀ ਸੁਖਜੀਤ ਕੌਰ, ਕੁਲਵੰਤ ਕੌਰ, ਨਰਿੰਦਰ ਕੌਰ ਤੇ ਅਮਰਜੀਤ ਕੌਰ ਐਡਵਾਈਜ਼ਰ ਦੇ ਰੂਪ ਵਿਚ ਕੰਮ ਕਰਨਗੇ। ਸ੍ਰੀ ਸਤਿਗੁਰੂ ਜੀ ਵਲੋਂ ਐਲਾਨੇ ਨਾਮ ਇਸ ਪ੍ਰਕਾਰ ਹਨ–

ਨੌਜਵਾਨ ਲੜਕੇ – ਸੰਤ ਗੁਰਮੁਖ ਸਿੰਘ – ਮੁੱਖ ਸਲਾਹਾਕਾਰ, ਸੰਤ ਹਰਪਾਲ ਸਿੰਘ ਦਿੱਲੀ, ਸੰਤ ਸੁਖਵਿੰਦਰ ਸਿੰਘ ਲਾਇਲ ਲੁਧਿਆਣਾ – ਐਡਵਾਈਜ਼ਰ, ਸੰਤ ਮੰਗਲਜੀਤ ਸਿੰਘ ਦਿੱਲੀ, ਸੰਤ ਹਰਪ੍ਰੀਤ ਸਿੰਘ ਮੰਡੀ, ਸੰਤ ਗੁਰਮੀਤ ਸਿੰਘ ਚਾਨਾ ਐਲਨਾਬਾਦ, ਡਾ. ਪੁਸ਼ਪਿੰਦਰ ਸਿੰਘ ਨਾਮਧਾਰੀ, ਸੰਤ ਗੁਰਦੇਵ ਸਿੰਘ ਚੀਮਾਂ ਸ੍ਰੀ ਭੈਣੀ ਸਾਹਿਬ।

ਨੌਜਵਾਨ ਬੀਬੀਆਂ –

ਬੀਬੀ ਲਖਵਿੰਦਰ ਕੌਰ ਲੁਧਿਆਣਾ, ਬੀਬੀ ਸੁੰਦਰਜੀਤ ਕੌਰ ਮਸਤਾਨਗੜ੍ਹ, ਬੀਬੀ ਅਮਨਪ੍ਰੀਤ ਕੌਰ ਜਾਲਖੇੜੀ, ਬੀਬੀ ਜੋਤਸਨਾ ਕੌਰ ਮੰਡੀ, ਬੀਬੀ ਸਮਤੇਸਵਕ ਕੌਰ ਸਿਰਸਾ।

ਬੀਬੀ ਸੁਖਜੀਤ ਕੌਰ ਦਾ ਜਥਾ ਐਡਵਾਈਜ਼ਰ ਦੇ ਤੌਰ ਤੇ ਕੰਮ ਕਰੇਗਾ।

## ਇਨਾਮ ਪ੍ਰਾਪਤ ਕਰਨ ਵਾਲੇ ਸਿਖਿਆਰਥੀ

### ਸਾਹਿਬਜ਼ਾਦਾ ਫਤਿਹ ਸਿੰਘ ਬੈਚ ਅਰਦਾਸ ਪ੍ਰਤੀਯੋਗਤਾ

**ਪਹਿਲਾ ਸਥਾਨ :** ਜਗਤਾਰ ਸਿੰਘ ਪੁੱਤਰ ਸੰਤ ਜਗਮੋਹਨ ਸਿੰਘ, ਲੁਧਿਆਣਾ

**ਦੂਸਰਾ ਸਥਾਨ :** ਆਸਾ ਸਿੰਘ ਪੁੱਤਰ ਸੰਤ ਹਰਮੀਤ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਸਤਨਾਮ ਸਿੰਘ ਪੁੱਤਰ ਸੰਤ ਸੁਖਵਿੰਦਰ ਸਿੰਘ ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਜਸ਼ਨਜੋਤ ਸਿੰਘ ਪੁੱਤਰ ਸੰਤ ਤਰਨਜੋਤ ਸਿੰਘ, ਚੰਡੀਗੜ੍ਹ

### ਸ਼ਹੀਦ ਬਿਸ਼ਨ ਸਿੰਘ ਬੈਚ ਅਰਦਾਸ ਪਾਤਸ਼ਾਹੀ 12ਵੀਂ

**ਪਹਿਲਾ ਸਥਾਨ :** ਬਲਵੀਰਪਾਲ ਸਿੰਘ ਪੁੱਤਰ ਸੰਤ ਅਵਤਾਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਮਲਕ ਸਿੰਘ ਪੁੱਤਰ ਸੰਤ ਮੁਖਤਿਆਰ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

**ਤੀਸਰਾ ਸਥਾਨ :** ਕੁਲਵੰਤ ਸਿੰਘ ਪੁੱਤਰ ਸੰਤ ਕੁਲਬੀਰ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਅਤਰ ਸਿੰਘ ਪੁੱਤਰ ਸੰਤ ਅਮੋਲਕ ਸਿੰਘ, ਸਹਿਬਪੁਰਾ, ਦਿੱਲੀ

### ਸ਼ਹੀਦ ਵਰਿਆਮ ਸਿੰਘ ਬੈਚ ਗੁਰਬਾਣੀ ਕੰਠ ਪ੍ਰਤੀਯੋਗਤਾ

**ਪਹਿਲਾ ਸਥਾਨ :** ਜਸਵੰਤ ਸਿੰਘ ਪੁੱਤਰ ਸੰਤ ਬਲਦੇਵ ਸਿੰਘ ਸਤਿਗੁਰੂ ਹਰੀ ਸਿੰਘ ਮਹਾਂ ਵਿਦਿਆਲਾ

**ਦੂਸਰਾ ਸਥਾਨ :** ਰੰਗਾ ਸਿੰਘ ਪੁੱਤਰ ਸੰਤ ਗੁਰਭੇਜ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

**ਤੀਸਰਾ ਸਥਾਨ :** ਜਗਤ ਸਿੰਘ ਪੁੱਤਰ ਸੰਤ ਜਰਨੈਲ ਸਿੰਘ, ਜਾਲਖੇੜੀ

### ਜਥੇਦਾਰ ਹੀਰਾ ਸਿੰਘ ਬੈਚ ਗੁਰਬਾਣੀ ਕੰਠ ਪ੍ਰਤੀਯੋਗਤਾ

**ਪਹਿਲਾ ਸਥਾਨ :** ਸਨਦੀਪ ਸਿੰਘ ਪੁੱਤਰ ਸੰਤ ਸ਼ਿੰਦਰ ਸਿੰਘ, ਰਾਮਪੁਰਾ ਫੂਲ

**ਦੂਸਰਾ ਸਥਾਨ :** ਕੁਲਮੀਤ ਸਿੰਘ ਪੁੱਤਰ ਸੰਤ ਗੁਰਦੇਵ ਸਿੰਘ, ਮਸਤਾਨਗੜ੍ਹ

**ਤੀਸਰਾ ਸਥਾਨ :** ਗੁਰਪ੍ਰੀਤ ਸਿੰਘ ਪੁੱਤਰ ਸੰਤ ਹਰੀ ਸਿੰਘ, ਬਜੀਦਪੁਰ

### ਸ਼ਹੀਦ ਵਰਿਆਮ ਸਿੰਘ ਬੈਚ ਦਸਤਾਰ ਪ੍ਰਤੀਯੋਗਤਾ

**ਪਹਿਲਾ ਸਥਾਨ :** ਗੁਰਨੇਕ ਸਿੰਘ ਪੁੱਤਰ ਸੰਤ ਗੁਰਦੀਪ ਸਿੰਘ, ਬਜੀਦਪੁਰ

**ਦੂਸਰਾ ਸਥਾਨ :** ਆਸਾ ਸਿੰਘ ਪੁੱਤਰ ਸੰਤ ਅਮਰੀਕ ਸਿੰਘ, ਸਾਹਿਬਪੁਰਾ

**ਤੀਸਰਾ ਸਥਾਨ :** ਅਵਤਾਰ ਸਿੰਘ ਪੁੱਤਰ ਸੰਤ ਅਜੈਬ ਸਿੰਘ, ਮੁਠੱਡਾ ਕਲਾਂ

**ਹੌਸਲਾ ਵਧਾਊ :** ਜਸਵੰਤ ਸਿੰਘ ਪੁੱਤਰ ਸੰਤ ਜਗਦੀਸ਼ ਸਿੰਘ, ਸ੍ਰੀ ਭੈਣੀ ਸਾਹਿਬ

### ਜਥੇਦਾਰ ਹੀਰਾ ਸਿੰਘ ਬੈਚ ਦਸਤਾਰ ਪ੍ਰਤੀਯੋਗਤਾ

**ਪਹਿਲਾ ਸਥਾਨ :** ਬੇਅੰਤ ਸਿੰਘ ਪੁੱਤਰ ਸੰਤ ਬਲਵੰਤ ਸਿੰਘ, ਜਲੰਧਰ

**ਦੂਸਰਾ ਸਥਾਨ :** ਸੰਤਾ ਸਿੰਘ ਪੁੱਤਰ ਸੰਤ ਸਤਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਦਾਤਾਰ ਸਿੰਘ, ਪੁੱਤਰ ਸੰਤ ਦਿਆਲ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਮਹਾਂ ਸਿੰਘ ਪੁੱਤਰ ਸੰਤ ਮੰਗਲ ਸਿੰਘ, ਸਾਹਿਬਪੁਰਾ

### ਸ਼ਹੀਦ ਵਰਿਆਮ ਸਿੰਘ ਬੈਚ ਭਾਸ਼ਣ ਪ੍ਰਤੀਯੋਗਤਾ

**ਪਹਿਲਾ ਸਥਾਨ :** ਬਿਹਾਰਾ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਯਮੁਨਾ ਨਗਰ

**ਦੂਸਰਾ ਸਥਾਨ :** ਪ੍ਰਭਜੋਤ ਸਿੰਘ ਪੁੱਤਰ ਸੰਤ ਧਰਮ ਸਿੰਘ, ਚੰਡੀਗੜ੍ਹ

**ਤੀਸਰਾ ਸਥਾਨ :** ਟਹਿਲ ਸਿੰਘ ਪੁੱਤਰ ਸੰਤ ਟੇਕ ਸਿੰਘ, ਲੁਧਿਆਣਾ

**ਹੌਸਲਾ ਵਧਾਊ :** ਰੰਗਾ ਸਿੰਘ ਪੁੱਤਰ ਸੰਤ ਗੁਰਮੀਤ ਸਿੰਘ, ਯਮੁਨਾ ਨਗਰ

### ਜਥੇਦਾਰ ਹੀਰਾ ਸਿੰਘ ਬੈਚ ਭਾਸ਼ਣ ਪ੍ਰਤੀਯੋਗਤਾ

**ਪਹਿਲਾ ਸਥਾਨ :** ਗੁਰਤੇਜ ਸਿੰਘ ਪੁੱਤਰ ਸੰਤ ਗੁਰਦੇਵ ਸਿੰਘ, ਜਾਲਖੇੜੀ

**ਦੂਸਰਾ ਸਥਾਨ :** ਸਵਰਨ ਸਿੰਘ ਪੁੱਤਰ ਸੰਤ ਸੁਰਜੀਤ ਸਿੰਘ, ਰਮੇਸ਼ ਨਗਰ

**ਤੀਸਰਾ ਸਥਾਨ :** ਸਤਨਾਮ ਸਿੰਘ ਪੁੱਤਰ ਸੰਤ ਬਲਬੀਰ ਸਿੰਘ, ਲੁਧਿਆਣਾ

**ਹੌਸਲਾ ਵਧਾਊ :** ਹਰਨਾਮ ਸਿੰਘ ਪੁੱਤਰ ਸੰਤ ਹੀਰਾ ਸਿੰਘ, ਲੁਧਿਆਣਾ

### ਸਾਹਿਬਜਾਦਾ ਫਤਿਹ ਸਿੰਘ ਬੈਚ ਨਾਮ ਸਿਮਰਨ ਪ੍ਰਤੀਯੋਗਤਾ

**ਪਹਿਲਾ ਸਥਾਨ :** ਕਰਮ ਸਿੰਘ ਪੁੱਤਰ ਸੰਤ ਸੁਰਜੀਤ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਜਸ਼ਨਜੀਤ ਸਿੰਘ ਪੁੱਤਰ ਸੰਤ ਤਰਨਜੀਤ ਸਿੰਘ, ਚੰਡੀਗੜ੍ਹ

**ਤੀਸਰਾ ਸਥਾਨ :** ਮੇਹਰ ਸਿੰਘ ਪੁੱਤਰ ਸੰਤ ਨਿਰੰਜਨ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਜਸਪਾਲ ਸਿੰਘ ਪੁੱਤਰ ਸੰਤ ਜਸਦੀਪ ਸਿੰਘ, ਲੁਧਿਆਣਾ

### ਸਾਹਿਬਜਾਦਾ ਫਤਹਿ ਸਿੰਘ ਬੈਚ ਪੇਟਿੰਗ ਪ੍ਰਤੀਯੋਗਤਾ

**ਪਹਿਲਾ ਸਥਾਨ :** ਗਿਆਨ ਸਿੰਘ, ਪੁੱਤਰ ਸੰਤ ਗੁਰਮੁਖ ਸਿੰਘ, ਮੋਹਾਲੀ

**ਦੂਸਰਾ ਸਥਾਨ :** ਸੰਤ ਸਿੰਘ ਪੁੱਤਰ ਸੰਤ ਸਰਬਜੀਤ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਲਖਵੀਰ ਸਿੰਘ ਪੁੱਤਰ ਸੰਤ ਲਖਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਤਕਦੀਰ ਸਿੰਘ ਪੁੱਤਰ ਸੰਤ ਟੇਕ ਸਿੰਘ, ਲੁਧਿਆਣਾ

ਸੁਖਵਿੰਦਰ ਸਿੰਘ ਪੁੱਤਰ ਸੰਤ ਸੁਖਦੀਪ ਸਿੰਘ, ਜਲੰਧਰ

### ਸ਼ਹੀਦ ਬਿਸ਼ਨ ਸਿੰਘ ਬੈਚ ਪੇਂਟਿੰਗ ਪ੍ਰਤੀਯੋਗਤਾ

**ਪਹਿਲਾ ਸਥਾਨ :** ਸ਼ਾਮ ਸਿੰਘ ਪੁੱਤਰ ਸੰਤ ਸਤਿੰਦਰ ਸਿੰਘ, ਲੁਧਿਆਣਾ

**ਦੂਸਰਾ ਸਥਾਨ :** ਜਸਪਾਲ ਸਿੰਘ ਪੁੱਤਰ ਸੰਤ ਜਗਦੀਸ਼ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਕਰਮ ਸਿੰਘ ਪੁੱਤਰ ਸੰਤ ਕੋਮਲ ਸਿੰਘ, ਲੁਧਿਆਣਾ

**ਹੌਸਲਾ ਵਧਾਊ :** ਸੰਤਾ ਸਿੰਘ ਪੁੱਤਰ ਸੰਤ ਸੁਰਿੰਦਰ ਸਿੰਘ, ਜਲੰਧਰ

## ਦੂਸਰਾ ਦਿਨ ਇਨਾਮ ਪ੍ਰਾਪਤ ਕਰਨ ਵਾਲੇ ਸਿਖਿਆਰਥੀ

### ਸ਼ਹੀਦ ਵਰਿਆਮ ਸਿੰਘ ਬੈਚ ਲਿਖਤੀ ਇਤਿਹਾਸਕ ਪ੍ਰਤੀਯੋਗਤਾ

**ਪਹਿਲਾ ਸਥਾਨ :** ਜਸਵੰਤ ਸਿੰਘ ਪੁੱਤਰ ਸੰਤ ਜਸਪਾਲ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

**ਦੂਸਰਾ ਸਥਾਨ :** ਬੰਤਾ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਮਸਤਾਨਗੜ੍ਹ

**ਤੀਸਰਾ ਸਥਾਨ :** ਰਣ ਸਿੰਘ ਪੁੱਤਰ ਸੰਤ ਰਣਜੀਤ ਸਿੰਘ, ਸਾਹਿਬਪੁਰਾ

**ਹੌਸਲਾ ਵਧਾਊ :** ਬਸੰਤ ਸਿੰਘ ਪੁੱਤਰ ਸੰਤ ਬਲਵਿੰਦਰ ਸਿੰਘ, ਸਾਹਿਬਪੁਰਾ

### ਜਥੇਦਾਰ ਹੀਰਾ ਸਿੰਘ ਬੈਚ ਲਿਖਤੀ ਇਤਿਹਾਸਕ ਪ੍ਰਤੀਯੋਗਤਾ

**ਪਹਿਲਾ ਸਥਾਨ :** ਗੁਰਤੇਜ ਸਿੰਘ

(ਬਾਕੀ ਸਫਾ 6 ’ਤੇ)



**ਸ੍ਰੀ ਸਤਿਗੁਰੂ ਜੀ ਜੋੜਿਆਂ ਦੀ ਸੇਵਾ ਕਰਨ ਵਾਲੇ ਸੰਤ ਹਰਭਜਨ ਸਿੰਘ ਦਿੱਲੀ ਨੂੰ ਅਸ਼ੀਰਵਾਦ ਬਖਸ਼ਦੇ ਹੋਏ।**

# ਨੌਜਵਾਨਾਂ ਦਾ 51ਵਾਂ ਵਾਰਸ਼ਿਕ ਸੰਮੇਲਨ ਸੰਪੰਨ...(ਬਾਕੀ ਸਫਾ 5 ਦੀ)

ਪੁੱਤਰ ਸੰਤ ਗੁਰਦੇਵ ਸਿੰਘ, ਜਾਲਖੇੜੀ

**ਦੂਸਰਾ ਸਥਾਨ :** ਦਾਤਾਰ ਸਿੰਘ ਪੁੱਤਰ ਸੰਤ ਦਿਆਲ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਗੁਰਪ੍ਰੀਤ ਸਿੰਘ ਪੁੱਤਰ ਸਵ: ਸੰਤ ਸੁਰਜੀਤ ਸਿੰਘ, ਸਾਹਿਬਪੁਰਾ, ਦਿੱਲੀ

**ਹੌਸਲਾ ਵਧਾਊ :** ਭਜਨ ਸਿੰਘ ਪੁੱਤਰ ਸੰਤ ਭਗਵਾਨ ਸਿੰਘ, ਸ੍ਰੀ ਭੈਣੀ ਸਾਹਿਬ

### ਸਾਹਿਬਜਾਦਾ ਫਤਿਹ ਸਿੰਘ ਬੈਚ ਦੌੜ ਪ੍ਰਤੀਯੋਗਤਾ 50 ਮੀਟਰ

**ਪਹਿਲਾ ਸਥਾਨ :** ਜੱਸਾ ਸਿੰਘ ਪੁੱਤਰ ਸੰਤ ਜਗਜੀਤ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਦਿਆਲ ਸਿੰਘ ਪੁੱਤਰ ਸੰਤ ਦਲਜੀਤ ਸਿੰਘ, ਜਲੰਧਰ

**ਤੀਸਰਾ ਸਥਾਨ :** ਬੰਤਾ ਸਿੰਘ ਪੁੱਤਰ ਸਿੰਘ ਬਲਦੇਵ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਸੁਖਚੈਨ ਸਿੰਘ ਪੁੱਤਰ ਸੰਤ ਸਿੰਦਰ ਸਿੰਘ, ਸਤਿਗੁਰੂ ਹਰੀ ਸਿੰਘ ਸੀਨੀਅਰ ਸੈਕੰਡਰੀ ਸਕੂਲ

### ਸ਼ਹੀਦ ਵਰਿਆਮ ਸਿੰਘ ਬੈਚ ਤਿੰਨ ਟੰਗੀ ਦੌੜ ਪ੍ਰਤੀਯੋਗਤਾ

**ਪਹਿਲਾ ਸਥਾਨ :** ਕਰਮ ਸਿੰਘ ਪੁੱਤਰ ਸੰਤ ਗੁਰਜੀਤ ਸਿੰਘ, ਸ੍ਰੀ ਭੈਣੀ ਸਾਹਿਬ

ਬਸੰਤ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਲਖਵੀਰ ਸਿੰਘ ਪੁੱਤਰ ਸੰਤ ਲਖਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

ਨਾਨਕ ਸਿੰਘ ਪੁੱਤਰ ਸੰਤ ਨਿਰਵੈਰ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਜਸਵੰਤ ਸਿੰਘ ਪੁੱਤਰ ਸੰਤ ਜਸਪਾਲ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

ਜਸਵੰਤ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

**ਹੌਸਲਾ ਵਧਾਊ :** ਸ਼ਰਨਜੀਤ ਸਿੰਘ ਪੁੱਤਰ ਸੰਤ ਗੁਰਜੀਤ ਸਿੰਘ, ਸ੍ਰੀ ਭੈਣੀ ਸਾਹਿਬ

ਬਲਬੀਰਪਾਲ ਸਿੰਘ ਪੁੱਤਰ ਸੰਤ ਅਵਤਾਰ ਸਿੰਘ, ਸ੍ਰੀ ਭੈਣੀ ਸਾਹਿਬ

### ਸ਼ਹੀਦ ਵਰਿਆਮ ਸਿੰਘ ਬੈਚ 100 ਮੀਟਰ ਦੌੜ ਪ੍ਰਤੀਯੋਗਤਾ

**ਪਹਿਲਾ ਸਥਾਨ :** ਮਨਪ੍ਰੀਤ ਸਿੰਘ ਪੁੱਤਰ ਸੰਤ ਗੁਰਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਜਗਦੇਵ ਸਿੰਘ ਪੁੱਤਰ ਸਿੰਘ ਹਰਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਨਵਜੋਤ ਸਿੰਘ ਪੁੱਤਰ ਸੰਤ ਭੁਪਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਰੀਂਗਾ ਸਿੰਘ ਪੁੱਤਰ ਸੰਤ ਗੁਰਸੇਵਕ ਸਿੰਘ, ਸ੍ਰੀ ਭੈਣੀ ਸਾਹਿਬ

### ਜਥੇਦਾਰ ਹੀਰਾ ਸਿੰਘ ਬੈਚ 200 ਮੀਟਰ ਦੌੜ ਪ੍ਰਤੀਯੋਗਤਾ

**ਪਹਿਲਾ ਸਥਾਨ :** ਮਨਪ੍ਰੀਤ ਸਿੰਘ ਪੁੱਤਰ ਸੰਤ ਗੁਰਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਹਰਪ੍ਰੀਤ ਸਿੰਘ ਪੁੱਤਰ ਸੰਤ ਨਿਰਮਲ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਉਦਮਪ੍ਰੀਤ ਸਿੰਘ ਪੁੱਤਰ ਸੰਤ ਇੰਦਰ ਸਿੰਘ, ਸ੍ਰੀ ਭੈਣੀ ਸਹਿਬ

**ਹੌਸਲਾ ਵਧਾਊ :** ਜਗਦੇਵ ਸਿੰਘ ਪੁੱਤਰ ਸੰਤ ਹਰਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

### ਜਥੇਦਾਰ ਹੀਰਾ ਸਿੰਘ ਬੈਚ 400 ਮੀਟਰ ਦੌੜ ਪ੍ਰਤੀਯੋਗਤਾ

**ਪਹਿਲਾ ਸਥਾਨ :** ਮਨਪ੍ਰੀਤ ਸਿੰਘ ਪੁੱਤਰ ਸੰਤ ਗੁਰਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਗੁਰਪ੍ਰੀਤ ਸਿੰਘ ਪੁੱਤਰ ਸੰਤ ਲਖਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਉਦਮਪ੍ਰੀਤ ਸਿੰਘ ਪੁੱਤਰ ਸੰਤ ਇੰਦਰ ਸਿੰਘ, ਸੰਤ ਨਗਰ

**ਹੌਸਲਾ ਵਧਾਊ :** ਨਵਜੋਤ ਸਿੰਘ ਪੁੱਤਰ ਸੰਤ ਭੁਪਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

### ਸ਼ਹੀਦ ਵਰਿਆਮ ਸਿੰਘ ਬੈਚ ਢੋਲਕੀ ਪ੍ਰਤੀਯੋਗਤਾ

**ਪਹਿਲਾ ਸਥਾਨ :** ਆਸਾ ਸਿੰਘ ਪੁੱਤਰ ਸੰਤ ਅਮਰੀਕ ਸਿੰਘ, ਸਾਹਿਬਪੁਰਾ ਦਿੱਲੀ

**ਦੂਸਰਾ ਸਥਾਨ :** ਆਸਾ ਸਿੰਘ ਪੁੱਤਰ ਸੰਤ ਅਤਰ ਸਿੰਘ, ਰਮੇਸ਼ ਨਗਰ, ਦਿੱਲੀ

**ਤੀਸਰਾ ਸਥਾਨ :** ਰੀਂਗਾ ਸਿੰਘ ਪੁੱਤਰ ਸੰਤ ਗੁਰਵਿੰਦਰ ਸਿੰਘ, ਫਗਵਾੜਾ

**ਹੌਸਲਾ ਵਧਾਊ :** ਗੁਰਨੇਕ ਸਿੰਘ ਪੁੱਤਰ ਸੰਤ ਗੁਰਦੀਪ ਸਿੰਘ, ਬਜੀਦਪੁਰ

ਭਰਪੂਰ ਸਿੰਘ ਪੁੱਤਰ ਸੰਤ ਭਗਵੰਤ ਸਿੰਘ, ਜਲੰਧਰ

### ਜਥੇਦਾਰ ਹੀਰਾ ਸਿੰਘ ਬੈਚ ਢੋਲਕੀ ਪ੍ਰਤੀਯੋਗਤਾ

**ਪਹਿਲਾ ਸਥਾਨ :** ਨੰਨਤਾ ਸਿੰਘ ਪੁੱਤਰ ਸਿੰਘ ਨਰਿੰਦਰ ਸਿੰਘ, ਰਮੇਸ਼ ਨਗਰ ਦਿੱਲੀ

**ਦੂਸਰਾ ਸਥਾਨ :** ਸਤਨਾਮ ਸਿੰਘ ਪੁੱਤਰ ਸੰਤ ਰਣਜੀਤ ਸਿੰਘ, ਸਾਹਿਬਪੁਰਾ, ਦਿੱਲੀ

**ਤੀਸਰਾ ਸਥਾਨ :** ਸੰਤਾ ਸਿੰਘ ਪੁੱਤਰ ਸੰਤ ਸੁਖਵਿੰਦਰ ਸਿੰਘ, ਸਾਹਿਬਪੁਰਾ, ਦਿੱਲੀ

**ਹੌਸਲਾ ਵਧਾਊ:** ਮਹਾਂ ਸਿੰਘ ਪੁੱਤਰ ਸੰਤ ਮੰਗਲ ਸਿੰਘ, ਸਾਹਿਬਪੁਰਾ, ਦਿੱਲੀ

### ਸ਼ਹੀਦ ਵਰਿਆਮ ਸਿੰਘ ਬੈਚ ਦਿਵਾਨ ਪ੍ਰਤੀਯੋਗਤਾ

**ਪਹਿਲਾ ਸਥਾਨ :** ਬਿਹਾਰਾ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਯਮੁਨਾ ਨਗਰ

**ਦੂਸਰਾ ਸਥਾਨ :** ਸ਼ਰਨ ਸਿੰਘ ਪੁੱਤਰ ਸੰਤ ਸੁਖਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਜਸਵੰਤ ਸਿੰਘ ਪੁੱਤਰ ਸੰਤ ਜਗਦੀਸ਼ ਸਿੰਘ, ਸ੍ਰੀ ਭੈਣੀ ਸਾਹਿਬ

### ਜਥੇਦਾਰ ਹੀਰਾ ਸਿੰਘ ਬੈਚ ਹਿਕਾਇਤ 12ਵੀਂ ਪਾਤਸ਼ਾਹੀ 10ਵੀਂ ਪ੍ਰਤੀਯੋਗਤਾ

**ਪਹਿਲਾ ਸਥਾਨ :** ਗੁਰਭਗਤ ਸਿੰਘ ਪੁੱਤਰ ਸੰਤ ਗੁਰਜੀਤ ਸਿੰਘ, ਸ੍ਰੀ ਭੈਣੀ ਸਾਹਿਬ

ਗੁਰਪ੍ਰੀਤ ਸਿੰਘ ਪੁੱਤਰ ਸੰਤ ਦਰਸ਼ਨ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਅਮਰ ਸਿੰਘ ਪੁੱਤਰ ਸੰਤ ਅਮਰਜੀਤ ਸਿੰਘ, ਮਸਤਾਨਗੜ੍ਹ

ਕੁਲਮੀਤ ਸਿੰਘ ਪੁੱਤਰ ਸੰਤ ਗੁਰਦੇਵ ਸਿੰਘ, ਮਸਤਾਨਗੜ੍ਹ

**ਤੀਸਰਾ ਸਥਾਨ :** ਗੁਰਜੋਬਨ ਸਿੰਘ ਪੁੱਤਰ ਸੰਤ ਨਿਸ਼ਾਨ ਸਿੰਘ, ਸ੍ਰੀ ਭੈਣੀ ਸਾਹਿਬ

ਯਾਦਵਿੰਦਰ ਸਿੰਘ ਪੁੱਤਰ ਸੰਤ ਹਰਦੀਪ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਮਹਾਂ ਸਿੰਘ ਪੁੱਤਰ ਸੰਤ ਮੰਗਲ ਸਿੰਘ, ਸਾਹਿਬਪੁਰਾ, ਦਿੱਲੀ

ਮਨਜੀਤ ਸਿੰਘ ਪੁੱਤਰ ਸੰਤ ਸੁਰਜੀਤ ਸਿੰਘ, ਸਾਹਿਬਪੁਰਾ, ਦਿੱਲੀ

ਸੁੰਦਰ ਸਿੰਘ ਪੁੱਤਰ ਸੰਤ ਸਤਨਾਮ ਸਿੰਘ, ਲੁਧਿਆਣਾ

ਸੁਹੇਲ ਸਿੰਘ ਪੁੱਤਰ ਸੰਤ ਰਜਿੰਦਰ ਸਿੰਘ, ਲੁਧਿਆਣਾ

### ਸ਼ਹੀਦ ਵਰਿਆਮ ਸਿੰਘ ਬੈਚ ਸਲੋਕ ਮਹਲਾ 9ਵਾਂ ਪ੍ਰਤੀਯੋਗਤਾ

**ਪਹਿਲਾ ਸਥਾਨ :** ਸ਼ਾਮ ਸਿੰਘ ਪੁੱਤਰ ਸੰਤ ਸਤਵਿੰਦਰ ਸਿੰਘ, ਲੁਧਿਆਣਾ

ਸੰਤਾ ਸਿੰਘ ਪੁੱਤਰ ਸੰਤ ਸਤਬੀਰ ਸਿੰਘ, ਲੁਧਿਆਣਾ

**ਦੂਸਰਾ ਸਥਾਨ :** ਜਸਵੰਤ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਸਤਿਗੁਰੂ ਹਰੀ ਸਿੰਘ ਮਹਾਂਵਿਦਿਆਲਾ

ਜਸਵੰਤ ਸਿੰਘ ਪੁੱਤਰ ਸੰਤ ਜਸਪਾਲ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

**ਤੀਸਰਾ ਸਥਾਨ :** ਰਾਮ ਸਿੰਘ ਪੁੱਤਰ ਸੰਤ ਘੁੱਲਾ ਸਿੰਘ ਸ੍ਰੀ ਭੈਣੀ ਸਾਹਿਬ

ਕੁਲਵਿੰਦਰ ਸਿੰਘ ਪੁੱਤਰ ਸੰਤ ਰਣਜੋਤ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਗੰਭੀਰ ਸਿੰਘ ਪੁੱਤਰ ਸੰਤ ਘੁਲਾ ਸਿੰਘ, ਸ੍ਰੀ ਭੈਣੀ ਸਾਹਿਬ

ਜਸਵੰਤ ਸਿੰਘ ਪੁੱਤਰ ਸੰਤ ਜਗਦੀਸ਼ ਸਿੰਘ ਸ੍ਰੀ ਭੈਣੀ ਸਾਹਿਬ

### ਜਥੇਦਾਰ ਹੀਰਾ ਸਿੰਘ ਬੈਚ ਦਿਵਾਨ ਪ੍ਰਤੀਯੋਗਤਾ

**ਪਹਿਲਾ ਸਥਾਨ :** ਪਿਆਰਾ ਸਿੰਘ ਪੁੱਤਰ ਸੰਤ ਪਾਲਾ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਸਰਬਜੀਤ ਸਿੰਘ ਪੁੱਤਰ ਸੰਤ ਅਮਰਜੀਤ ਸਿੰਘ,

**ਤੀਸਰਾ ਸਥਾਨ :** ਸਵਰਨ ਸਿੰਘ ਪੁੱਤਰ ਸੰਤ ਸੁਰਜੀਤ ਸਿੰਘ, ਰਮੇਸ਼ ਨਗਰ, ਦਿੱਲੀ

### ਸ਼ਹੀਦ ਬਿਸ਼ਨ ਸਿੰਘ ਬੈਚ ਨਾਮ ਸਿਮਰਨ ਪ੍ਰਤੀਯੋਗਤਾ

**ਪਹਿਲਾ ਸਥਾਨ :** ਰਤਨ ਸਿੰਘ ਪੁੱਤਰ ਸੰਤ ਰਣਜੀਤ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਰਤਨ ਸਿੰਘ ਪੁੱਤਰ ਸੰਤ ਰਜਵੰਤ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਸੰਤਾ ਸਿੰਘ ਪੁੱਤਰ ਸੰਤ ਸੁਖਵਿੰਦਰ ਸਿੰਘ, ਅੰਮ੍ਰਿਤਸਰ

**ਹੌਸਲਾ ਵਧਾਊ :** ਬਲਵੀਰਪਾਲ ਸਿੰਘ ਪੁੱਤਰ ਸੰਤ ਅਵਤਾਰ ਸਿੰਘ, ਸ੍ਰੀ ਭੈਣੀ ਸਾਹਿਬ

ਵਰਿੰਦਰ ਸਿੰਘ ਪੁੱਤਰ ਸੰਤ ਵਰਿਆਮ ਸਿੰਘ, ਸ੍ਰੀ ਭੈਣੀ ਸਾਹਿਬ

**(ਬਾਕੀ ਸਫਾ 7 'ਤੇ)**



ਸੰਮੇਲਨ ਦੌਰਾਨ ਨਾਮ ਸਿਮਰਨ ਪ੍ਰਤੀਯੋਗਤਾ ਵਿਚ ਹਿੱਸਾ ਲੈਂਦੇ ਡੈਲੀਗੇਟ।

# ਨੌਜਵਾਨਾਂ ਦਾ 51ਵਾਂ ਵਾਰਸ਼ਿਕ ਸੰਮੇਲਨ ਸੰਪੰਨ

...(ਬਾਕੀ ਸਫਾ 6 ਦੀ)



**ਸ੍ਰੀ ਸਤਿਗੁਰੂ ਜੀ ਪਾਸੋਂ ਸੰਮੇਲਨ 2016 ਦਾ ਪ੍ਰਭਾਵਸ਼ਾਲੀ ਪਰਸਨੈਲਟੀ ਅਵਾਰਡ ਪ੍ਰਾਪਤ ਕਰਦੇ ਸੂਬਾ ਸ਼ਾਮ ਸਿੰਘ ਤਰਨਤਾਰਨ।**

### ਸ਼ਹੀਦ ਵਰਿਆਮ ਸਿੰਘ ਬੈਚ ਜੂਨੀਅਰ ਤਬਲਾ

**ਪਹਿਲਾ ਸਥਾਨ :** ਬਸੰਤ ਸਿੰਘ ਪੁੱਤਰ ਸੰਤ ਬਲਵਿੰਦਰ ਸਿੰਘ, ਸਾਹਿਬਪੁਰਾ, ਦਿੱਲੀ

**ਦੂਸਰਾ ਸਥਾਨ :** ਬਸੰਤ ਸਿੰਘ ਪੁੱਤਰ ਸੰਤ ਬਲਕਾਰ ਸਿੰਘ ਮਸਤਾਨਗੜ੍ਹ

**ਤੀਸਰਾ ਸਥਾਨ:** ਲਵਪ੍ਰੀਤ ਸਿੰਘ ਪੁੱਤਰ ਸੰਤ ਸਤਨਾਮ ਸਿੰਘ, ਸਸਰਾਲੀ ਕਲੋਨੀ

### ਜਥੇਦਾਰ ਹੀਰਾ ਸਿੰਘ ਬੈਚ ਸੀਨੀਅਰ ਤਬਲਾ ਪ੍ਰਤੀਯੋਗਤਾ

**ਪਹਿਲਾ ਸਥਾਨ :** ਦੀਪ ਸਿੰਘ ਪੁੱਤਰ ਸੰਤ ਦਿਆਲ ਸਿੰਘ, ਮੁਠੱਡਾ ਕਲਾਂ

**ਦੂਸਰਾ ਸਥਾਨ :** ਕਰਤਾਰ ਸਿੰਘ ਪੁੱਤਰ ਸੰਤ ਕਮਲਜੀਤ ਸਿੰਘ, ਚੰਡੀਗੜ੍ਹ

**ਤੀਸਰਾ ਸਥਾਨ :** ਵੱਸਣ ਸਿੰਘ ਪੁੱਤਰ ਸੰਤ ਬਲਵਿੰਦਰ ਸਿੰਘ, ਸਸਰਾਲੀ ਕਲੋਨੀ

**ਹੌਸਲਾ ਵਧਾਊ :** ਲਵਪ੍ਰੀਤ ਸਿੰਘ ਪੁੱਤਰ ਸੰਤ ਰੂਪ ਸਿੰਘ, ਮਸਤਾਨਗੜ੍ਹ

### ਸੰਮੇਲਨ ਦੇ ਤੀਸਰੇ ਦਿਨ ਇਨਾਮ ਪ੍ਰਾਪਤ ਕਰਨ ਵਾਲੇ ਸਿਖਿਆਰਥੀ

### ਜਥੇਦਾਰ ਹੀਰਾ ਸਿੰਘ ਬੈਚ ਗੁਰਬਾਣੀ ਅੰਤਾਖਰੀ ਪ੍ਰਤੀਯੋਗਤਾ

**ਪਹਿਲਾ ਸਥਾਨ :** ਰਤਨ ਸਿੰਘ ਪੁੱਤਰ ਸੰਤ ਰਣਜੀਤ ਸਿੰਘ, ਸ੍ਰੀ ਭੈਣੀ ਸਾਹਿਬ

ਜਸਵੰਤ ਸਿੰਘ ਪੁੱਤਰ ਸੰਤ ਜਗਦੀਸ਼ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਆਸਾ ਸਿੰਘ ਪੁੱਤਰ ਸੰਤ ਅਮਰਜੀਤ ਸਿੰਘ, ਮਸਤਾਨਗੜ੍ਹ

ਕੁਲਜੀਤ ਸਿੰਘ ਪੁੱਤਰ ਸੰਤ ਗੁਰਦੇਵ ਸਿੰਘ, ਮਸਤਾਨਗੜ੍ਹ

**ਤੀਸਰਾ ਸਥਾਨ :** ਗੁਰਭਗਤ ਸਿੰਘ ਪੁੱਤਰ ਸੰਤ ਗੁਰਜੀਤ ਸਿੰਘ, ਸ੍ਰੀ ਭੈਣੀ ਸਾਹਿਬ

ਦਾਤਾਰ ਸਿੰਘ ਪੁੱਤਰ ਸੰਤ ਦਿਆਲ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਸਰਬਜੀਤ ਸਿੰਘ ਪੁੱਤਰ ਸੰਤ ਅਮਰਜੀਤ ਸਿੰਘ, ਵਜੀਦਪੁਰ

ਮਨਪ੍ਰੀਤ ਸਿੰਘ ਪੁੱਤਰ ਸੰਤ ਹਰੀ ਸਿੰਘ, ਵਜੀਦਪੁਰ

ਸੰਦੀਪ ਸਿੰਘ ਪੁੱਤਰ ਸੰਤ ਸਿੰਦਰ ਸਿੰਘ, ਰਾਮਪੁਰਾਫੂਲ

ਬਚਿੱਤਰ ਸਿੰਘ ਪੁੱਤਰ ਸੰਤ ਰਜਿੰਦਰ ਸਿੰਘ, ਰਾਮਪੁਰਾਫੂਲ

### ਤੰਤੀ ਸਾਜ ਪ੍ਰਤੀਯੋਗਤਾ (ਜੂਨੀਅਰ)

**ਪਹਿਲਾ ਸਥਾਨ :** ਨਰੋਤਮ ਸਿੰਘ ਪੁੱਤਰ ਸੰਤ ਨਰਿੰਦਰ ਸਿੰਘ, ਰਮੇਸ਼ ਨਗਰ, ਦਿੱਲੀ

### ਤੰਤੀ ਸਾਜ ਪ੍ਰਤੀਯੋਗਤਾ (ਸੀਨੀਅਰ)

**ਪਹਿਲਾ ਸਥਾਨ :** ਸ਼ਮਸ਼ੇਰ ਸਿੰਘ ਪੁੱਤਰ ਸੰਤ ਹਰਪ੍ਰੀਤ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

### ਬੈਨਰ ਮੇਕਿੰਗ ਪ੍ਰਤੀਯੋਗਤਾ (ਸੀਨੀਅਰ)

**ਪਹਿਲਾ ਸਥਾਨ :** ਬੰਤਾ ਸਿੰਘ ਪੁੱਤਰ ਸੰਤ ਬਲਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਬਸੰਤ ਸਿੰਘ ਪੁੱਤਰ ਸੰਤ ਬਲਵਿੰਦਰ ਸਿੰਘ, ਚੰਡੀਗੜ੍ਹ

**ਤੀਸਰਾ ਸਥਾਨ :** ਅਜੈਪਾਲ ਸਿੰਘ ਪੁੱਤਰ ਸੰਤ ਹਰਮੀਤ ਸਿੰਘ, ਰਮੇਸ਼ ਨਗਰ ਦਿੱਲੀ

**ਹੌਸਲਾ ਵਧਾਊ :** ਪ੍ਰਭਜੋਤ ਸਿੰਘ ਪੁੱਤਰ ਸੰਤ ਧਰਮ ਸਿੰਘ, ਚੰਡੀਗੜ੍ਹ

### ਸ਼ਹੀਦ ਵਰਿਆਮ ਸਿੰਘ ਬੈਚ ਗੁਰਬਾਣੀ ਅੰਤਾਖਰੀ ਪ੍ਰਤੀਯੋਗਤਾ

**ਪਹਿਲਾ ਸਥਾਨ :** ਬਲਵੀਰਪਾਲ ਸਿੰਘ ਪੁੱਤਰ ਸੰਤ ਅਵਤਾਰ ਸਿੰਘ, ਸ੍ਰੀ ਭੈਣੀ ਸਾਹਿਬ

ਸਰਨਜੀਤ ਸਿੰਘ ਪੁੱਤਰ ਸੰਤ ਗੁਰਜੀਤ ਸਿੰਘ ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਸ਼ਾਮ ਸਿੰਘ ਪੁੱਤਰ ਸੰਤ ਸਤਿੰਦਰ ਸਿੰਘ, ਲੁਧਿਆਣਾ

ਬਲਦੇਵ ਸਿੰਘ ਪੁੱਤਰ ਸੰਤ ਬਲਵੀਰ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਬਸੰਤ ਸਿੰਘ ਪੁੱਤਰ ਸੰਤ ਬਲਵਿੰਦਰ ਸਿੰਘ, ਸਾਹਿਬਪੁਰਾ, ਦਿੱਲੀ

ਰਣ ਸਿੰਘ ਪੁੱਤਰ ਸੰਤ ਰਣਜੀਤ ਸਿੰਘ, ਸਾਹਿਬਪੁਰਾ, ਦਿੱਲੀ

**ਹੌਸਲਾ ਵਧਾਊ :** ਬੰਤਾ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਮਸਤਾਨਗੜ੍ਹ

ਬਸੰਤ ਸਿੰਘ ਪੁੱਤਰ ਸੰਤ ਬਲਕਾਰ ਸਿੰਘ, ਮਸਤਾਨਗੜ੍ਹ

### ਸ਼ਹੀਦ ਵਰਿਆਮ ਸਿੰਘ ਬੈਚ ਸੰਗੀਤ ਵੋਕਲ ਪ੍ਰਤੀਯੋਗਤਾ

**ਪਹਿਲਾ ਸਥਾਨ :** ਹਰਪਾਲ ਸਿੰਘ ਪੁੱਤਰ ਸੰਤ ਜੱਜਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਰੀਗਾ ਸਿੰਘ ਪੁੱਤਰ ਸੰਤ ਗੁਰਸੇਵਕ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਰਤਨ ਸਿੰਘ ਪੁੱਤਰ ਸੰਤ ਰਣਜੀਤ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਜਸਬੀਰ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਸਤਿਗੁਰੂ ਹਰੀ ਸਿੰਘ ਮਹਾਂਵਿਦਿਆਲਾ

### ਜਥੇਦਾਰ ਹੀਰਾ ਸਿੰਘ ਬੈਚ ਸੰਗੀਤ ਵੋਕਲ ਪ੍ਰਤੀਯੋਗਤਾ

**ਪਹਿਲਾ ਸਥਾਨ :** ਸਵਰਨ ਸਿੰਘ ਪੁੱਤਰ ਸੰਤ ਸੁਰਿੰਦਰ ਸਿੰਘ, ਡਿਊਡੀ ਮੁਠਡਾਂ ਕਲਾਂ

**ਦੂਸਰਾ ਸਥਾਨ :** ਜੱਸਾ ਸਿੰਘ ਪੁੱਤਰ ਸੰਤ ਜਰਨੈਲ ਸਿੰਘ, ਸਸਰਾਲੀ ਕਲੋਨੀ

**ਤੀਸਰਾ ਸਥਾਨ :** ਰੀਗਾ ਸਿੰਘ ਪੁੱਤਰ ਸੂਬਾ ਗੁਰਮੀਤ ਸਿੰਘ, ਮੰਡੀ

**ਹੌਸਲਾ ਵਧਾਊ :** ਲਾਲ ਸਿੰਘ ਪੁੱਤਰ ਸੰਤ ਲਹਿੰਬਰ ਸਿੰਘ, ਸਸਰਾਲੀ ਕਲੋਨੀ

### ਜਥੇਦਾਰ ਹੀਰਾ ਸਿੰਘ ਬੈਚ ਸਵਾਲ ਜਵਾਬ ਪ੍ਰਤੀਯੋਗਤਾ

**ਪਹਿਲਾ ਸਥਾਨ :** ਗੁਰਤੇਜ ਸਿੰਘ ਪੁੱਤਰ ਸੰਤ ਗੁਰਦੇਵ ਸਿੰਘ, ਜਾਲਖੇੜੀ

ਅਜੈਪਾਲ ਸਿੰਘ ਪੁੱਤਰ ਸੰਤ ਦਰਸ਼ਨ ਸਿੰਘ, ਜਾਲਖੇੜੀ

**ਦੂਸਰਾ ਸਥਾਨ :** ਗੁਰਜੋਬਨ ਸਿੰਘ ਪੁੱਤਰ ਸੰਤ ਨਿਸ਼ਾਨ ਸਿੰਘ, ਸ੍ਰੀ ਭੈਣੀ ਸਾਹਿਬ

ਦਾਤਾਰ ਸਿੰਘ ਪੁੱਤਰ ਸੰਤ ਦਿਆਲ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਸਤਨਾਮ ਸਿੰਘ ਪੁੱਤਰ ਸੰਤ ਰਣਜੀਤ ਸਿੰਘ, ਸਾਹਿਬਪੁਰਾ ਦਿੱਲੀ

ਸੰਤਾ ਸਿੰਘ ਪੁੱਤਰ ਸੰਤ ਸੁਖਵਿੰਦਰ ਸਿੰਘ, ਸਾਹਿਬਪੁਰਾ, ਦਿੱਲੀ

**ਹੌਸਲਾ ਵਧਾਊ :** ਮਹਾਂ ਸਿੰਘ ਪੁੱਤਰ ਸੰਤ ਮੰਗਲ ਸਿੰਘ, ਸਾਹਿਬਪੁਰਾ, ਦਿੱਲੀ

ਮਨਜੀਤ ਸਿੰਘ ਪੁੱਤਰ ਸੰਤ ਸੁਰਜੀਤ ਸਿੰਘ, ਸਾਹਿਬਪੁਰਾ, ਦਿੱਲੀ

### ਸ਼ਹੀਦ ਵਰਿਆਮ ਸਿੰਘ ਬੈਚ ਸਵਾਬ ਜਵਾਬ ਪ੍ਰਤੀਯੋਗਤਾ

**ਪਹਿਲਾ ਸਥਾਨ :** ਬੰਤਾ ਸਿੰਘ ਪੁੱਤਰ ਸੰਤ ਬਲਦੇਵ ਸਿੰਘ, ਮਸਤਾਨਗੜ੍ਹ

ਬਸੰਤ ਸਿੰਘ ਪੁੱਤਰ ਸੰਤ ਬਲਕਾਰ ਸਿੰਘ, ਮਸਤਾਨਗੜ੍ਹ

**ਦੂਸਰਾ ਸਥਾਨ :** ਰਣ ਸਿੰਘ ਪੁੱਤਰ ਸੰਤ ਰਣਜੀਤ ਸਿੰਘ, ਸਾਹਿਬਪੁਰਾ, ਦਿੱਲੀ

ਬਸੰਤ ਸਿੰਘ ਪੁੱਤਰ ਸੰਤ ਬਲਵਿੰਦਰ ਸਿੰਘ, ਸਾਹਿਬਪੁਰਾ, ਦਿੱਲੀ

**ਤੀਸਰਾ ਸਥਾਨ :** ਬਸੰਤ ਸਿੰਘ ਪੁੱਤਰ ਸੰਤ ਬੂਟਾ ਸਿੰਘ, ਸ੍ਰੀ ਭੈਣੀ ਸਾਹਿਬ

ਸੰਤ ਰਾਮ ਸਿੰਘ ਪੁੱਤਰ ਸੰਤ ਘੁੱਲਾ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਜਸਵੰਤ ਸਿੰਘ ਪੁੱਤਰ ਸੰਤ ਜਸਪਾਲ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

ਜਵਰਾਨ ਸਿੰਘ ਪੁੱਤਰ ਸੰਤ ਜਗਰੂਪ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

### ਜਥੇਦਾਰ ਹੀਰਾ ਸਿੰਘ ਬੈਚ ਫੋਟੋਗ੍ਰਾਫੀ ਪ੍ਰਤੀਯੋਗਤਾ

**ਪਹਿਲਾ ਸਥਾਨ :** ਪਰਮਜੋਤ ਸਿੰਘ ਪੁੱਤਰ ਸੰਤ ਐਮ. ਬੀ. ਸਿੰਘ, ਸਾਹਿਬਪੁਰਾ, ਦਿੱਲੀ

**ਦੂਸਰਾ ਸਥਾਨ :** ਸੰਤੋਖ ਸਿੰਘ ਲਾਡੀ ਪੁੱਤਰ ਸੰਤ ਹਰਜੀਤ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਪ੍ਰਭਜੋਤ ਸਿੰਘ ਪੁੱਤਰ ਸੰਤ ਧਰਮ ਸਿੰਘ, ਚੰਡੀਗੜ੍ਹ

**ਹੌਸਲਾ ਵਧਾਊ :** ਸਰਨਾਗਤ ਸਿੰਘ ਪੁੱਤਰ ਸੰਤ ਸੁਖਦੇਵ ਸਿੰਘ, ਐਲਨਾਬਾਦ

### ਸ਼ਹੀਦ ਵਰਿਆਮ ਸਿੰਘ ਬੈਚ ਬੈਡਮਿੰਟਨ ਡਬਲ ਪ੍ਰਤੀਯੋਗਤਾ

**ਪਹਿਲਾ ਸਥਾਨ :** ਗਿਆਨ ਸਿੰਘ ਪੁੱਤਰ ਸੰਤ ਗੁਰਮੁਖ ਸਿੰਘ, ਸ੍ਰੀ ਭੈਣੀ ਸਾਹਿਬ

ਪਲਵਿੰਦਰ ਸਿੰਘ ਪੁੱਤਰ ਸੰਤ ਬਲਬੀਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਰੀਗਾ ਸਿੰਘ ਸਤਿਯਮ ਰਾਜਪੂਤ

**ਤੀਸਰਾ ਸਥਾਨ :** ਅਵਨਿੰਦਰ ਸਿੰਘ ਪੁੱਤਰ ਸੰਤ ਅੰਮ੍ਰਿਤਪਾਲ ਸਿੰਘ, ਰਮੇਸ਼ ਨਗਰ, ਦਿੱਲੀ

ਹਰਪਾਲ ਸਿੰਘ ਪੁੱਤਰ ਸੰਤ ਹਰਦੀਪ ਸਿੰਘ, ਰਮੇਸ਼ ਨਗਰ ਦਿੱਲੀ

**ਹੌਸਲਾ ਵਧਾਊ :** ਹਾਕਮ ਸਿੰਘ ਪੁੱਤਰ ਸੰਤ ਹਰਸਿਮਰਤ ਸਿੰਘ, ਸ੍ਰੀ ਭੈਣੀ ਸਾਹਿਬ

ਜੈਵੰਤ ਸਿੰਘ ਪੁੱਤਰ ਸੰਤ ਪ੍ਰਭਜੀਤ ਸਿੰਘ ਸ੍ਰੀ ਭੈਣੀ ਸਾਹਿਬ

### ਸੰਮੇਲਨ ਦੀ ਸਮਾਪਤੀ-

24 ਜੂਨ ਤੋਂ 27 ਜੂਨ ਤਕ ਆਰੰਭ ਹੋਇਆ ਸੰਮੇਲਨ ਅੱਜ 27 ਤਾਰੀਕ ਨੂੰ ਸਮਾਪਤ ਹੋਇਆ। ਇਤਨੀ ਗਰਮੀ ਦੇ ਬਾਵਜੂਦ ਨੌਜਵਾਨਾਂ ਨੇ ਇਸ ਸੰਮੇਲਨ ਵਿਚ ਸ਼ਮੂਲੀਅਤ ਕੀਤੀ। ਭਾਵੇਂ ਕੂਲਰ ਤੇ ਪੱਖਿਆ ਦਾ ਇੰਤਜਾਮ ਸੀ ਪਰ ਫਿਰ ਵੀ ਕਮਰਿਆਂ ਅੰਦਰ ਗਰਮੀ ਬਹੁਤ ਸੀ। ਇਸ ਕਰਕੇ ਅਕੈਡਮੀ ਦੇ ਬਾਹਰ ਖੁਲੇ ਕਮਰਿਆਂ ਤੇ ਹਾਲ ਵਿਚ ਇੰਤਜਾਮ ਕੀਤਾ ਗਿਆ ਸੀ। ਸੰਤ ਗੁਰਮੁਖ ਸਿੰਘ ਰਹਿਬਰ ਇੰਚਾਰਜ ਫਾਰ ਯੂਥ ਦੀ ਅਗਵਾਈ ਥੱਲੇ ਸਰਵ ਸੰਤ ਸੁਖਵਿੰਦਰ ਸਿੰਘ, ਹਰਪਾਲ ਸਿੰਘ, ਗੁਰਮੀਤ ਸਿੰਘ, ਮੰਗਲਜੀਤ ਸਿੰਘ, ਹਰਪ੍ਰੀਤ ਸਿੰਘ ਤੇ ਗੁਰਦੇਵ ਸਿੰਘ ਨੇ ਮਿਲਕੇ ਦਿਨ ਰਾਤ ਇਕ ਕਰਕੇ ਬਹੁਤ ਹੀ ਸੁਚੱਜੇ ਢੰਗ ਨਾਲ ਇਸ ਸੰਮੇਲਨ ਵਿਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਫਿਰ ਵੀ ਕੇਂਦਰੀ ਜਥੇ ਵਲੋਂ ਕਈ ਖਾਮੀਆਂ ਗਲਤੀਆਂ ਰਹਿ ਗਈਆਂ ਹੋਣਗੀਆਂ ਅਸੀਂ ਉਸ ਵਾਸਤੇ ਖਿਮਾਂ ਦੇ ਜਾਚਕ ਹਾਂ। ਅਸੀਂ ਕੋਸ਼ਿਸ਼ ਕਰਾਂਗੇ ਕਿ ਅਗੇ ਤੋਂ ਇਸ ਨੂੰ ਹੋਰ ਸੁਚਾਰੂ ਢੰਗ ਨਾਲ ਕੰਮ ਕਰੀਏ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ ਇਹ ਜਥਾ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇਗਾ। ਅਸੀਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕਰਦੇ ਹਾਂ ਕਿ ਸਾਡੇ ਸਾਰਿਆਂ ਤੇ ਬਖਸ਼ਿਸ਼ ਕਰੋ। ਸਾਨੂੰ ਹੋਰ ਸੇਵਾ ਕਰਨ ਦਾ ਬਲ ਬਖਸ਼ੋ।

ਸ੍ਰੀ ਸਤਿਗੁਰੂ ਜੀ ਨੇ ਸਾਰੇ ਹੀ ਨੌਜਵਾਨਾਂ ਨੂੰ ਪਾਵਨ ਪਵਿੱਤਰ ਉਪਦੇਸ਼ ਦੇ ਕੇ ਨਿਹਾਲ ਕੀਤਾ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ **ਸਾਰੇ ਹੀ ਅਰਦਾਸ ਕਰਕੇ ਆਪਣੇ ਘਰਾਂ ਨੂੰ ਜਾਣ। ਬਖਸ਼ਿਸ਼ ਹੋਵੇ।** ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਸੰਮੇਲਨ ਨਿਰਵਿਘਨ ਸਮਾਪਤ ਹੋਇਆ।

**-ਗੁਰਦੇਵ ਸਿੰਘ ਚੀਮਾ**
**ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਲੁਧਿਆਣਾ**



**ਸੰਮੇਲਨ ਦੌਰਾਨ ਜੱਜਮੈਂਟ ਅਤੇ ਵਧੀਆ ਫੋਟੋਗ੍ਰਾਫੀ ਲਈ ਸਤਿਗੁਰੂ ਜੀ ਪਾਸੋਂ ਸਨਮਾਨ ਚਿੰਨ੍ਹ ਪ੍ਰਾਪਤ ਕਰਦੇ ਸੰਤ ਸੂਰਤਪਾਲ ਸਿੰਘ, ਸ੍ਰੀ ਭੈਣੀ ਸਾਹਿਬ।**

